ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 192
Daily Newspaper Friday, October 05, 2018
Tel: 905-793-2202 Fax: 905-793-2282 news@punjabipost.ca

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

## ਅੰਦਰ ਪੜ੍ਹੋ

ਪ੍ਰਭਮੀਤ ਸਰਕਾਰੀਆ ਬਣੇ ਕਮੇਟੀ ਆਨ ਫਾਇਨਾਂਸ਼ੀਅਲ ਟਰਾਂਸਪੇਰੈਂਸੀ ਦੇ ਚੇਅਰ


ਪੰਨਾ 5

ਸਿੱਖ ਕਾਰਕੁਨਾਂ ਨੇ ਸੁਖਬੀਰ ਬਾਦਲ ਨੂੰ ਕਾਲੇ ਝੰਡੇ ਦਿਖਾਏ, ਜੁੱਤੀ ਸੁੱਟੀ


ਪੰਨਾ 6

# ਫੈਡਰਲ ਸਰਕਾਰ ਦੀ ਕਾਰਬਨ ਟੈਕਸ ਯੋਜਨਾ ਤੋਂ ਇਨਕਾਰੀ ਪ੍ਰੀਮੀਅਰਜ਼ ਦੀ ਵੱਧ ਰਹੀ ਹੈ ਗਿਣਤੀ



ਓਟਵਾ, 4 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਤੇ ਸੰਭਾਵੀ ਪ੍ਰੀਮੀਅਰਜ਼, ਜਿਹੜੇ ਫੈਡਰਲ ਸਰਕਾਰ ਵੱਲੋਂ ਲਾਏ ਜਾਣ ਵਾਲੇ ਕਾਰਬਨ ਟੈਕਸ ਤੋਂ ਇਨਕਾਰ ਕਰ ਰਹੇ ਹਨ, ਨੇ ਫੈਡਰਲ ਸਰਕਾਰ ਦੇ ਦਰ ਉੱਤੇ ਡੇਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ।

ਵੀਰਵਾਰ ਨੂੰ ਨਿਊ ਬਰੰਜ਼ਵਿੱਕ ਤੋਂ ਪੀਸੀ ਆਗੂ ਬਲੇਨ ਹਿੱਗਜ਼, ਜੋ ਕਿ ਲਿਬਰਲ ਪ੍ਰੀਮੀਅਰ ਬ੍ਰਾਇਨ ਗੈਲੈਂਟ ਵੱਲੋਂ ਵਿਧਾਨ ਸਭਾ ਵਿੱਚ ਭਰੋਸੇ ਦਾ ਵੋਟ ਹਾਸਲ ਕਰਨ ਦੀ ਪ੍ਰਕਿਰਿਆ ਦੇ ਸਫਲ ਨਾ ਹੋਣ ਕਾਰਨ ਪ੍ਰੀਮੀਅਰ ਬਣ ਸਕਦੇ ਹਨ, ਨੇ ਪ੍ਰਦੂਸ਼ਣ ਉੱਤੇ ਕੌਮੀ ਪੱਧਰ ਉੱਤੇ ਟੈਕਸ ਲਾਉਣ ਦੀ ਫੈਡਰਲ ਸਰਕਾਰ ਦੀ ਯੋਜਨਾਂ ਨਾਲ ਸੰਘਰਸ਼ ਕਰਨ ਦੇ ਆਪਣੇ ਵਾਅਦੇ ਨੂੰ ਦੁਹਰਾਇਆ।

ਉਨ੍ਹਾਂ ਇੱਕ ਇੰਟਰਵਿਊ ਵਿੱਚ ਆਖਿਆ ਕਿ ਜੇ ਉਹ ਪ੍ਰੀਮੀਅਰ ਬਣਦੇ ਹਨ ਤਾਂ ਉਹ ਕਾਰਬਨ ਟੈਕਸ ਕਿਸੇ ਵੀ ਹਾਲ ਨਹੀਂ ਲਾਉਣਗੇ। ਇਸ ਸਬੰਧ ਵਿੱਚ ਉਨ੍ਹਾਂ ਨੂੰ ਜੇ ਹੋਰਨਾਂ ਪ੍ਰੋਵਿੰਸਾਂ ਨਾਲ ਰਲ ਕੇ ਫੈਰਡਲ ਸਰਕਾਰ ਨਾਲ ਲੜਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ। ਆਪਣੀ ਪ੍ਰੋਵਿੰਸ ਦੇ ਗ੍ਰੀਨ ਪਾਰਟੀ ਦੇ ਐਮਐਲਏਜ਼ ਦੀ ਮਦਦ ਨਾਲ ਪ੍ਰੀਮੀਅਰ ਬਣਨ ਦੇ ਸੁਪਨੇ ਵੇਖ ਰਹੇ ਹਿੱਗਜ਼ ਨੇ ਆਖਿਆ ਕਿ ਉਹ ਇਸ ਮੁੱਦੇ ਲਈ ਸੰਘਰਸ਼ ਕਰਨ ਲਈ ਤਿਆਰ ਹਨ। ...ਬਾਕੀ ਪੰਨਾ 8 'ਤੇ

## ਫੈਡਰਲ ਸਰਕਾਰ ਨੇ ਪਾਈਪਲਾਈਨ ਬਾਰੇ ਮੂਲਵਾਦੀ ਕਮਿਊਨਿਟੀਜ਼ ਨਾਲ ਸਲਾਹ ਮਸ਼ਵਰਾ ਮੁੜ ਕੀਤਾ ਸ਼ੁਰੂ



ਓਟਵਾ, 4 ਅਕਤੂਬਰ (ਪੋਸਟ ਬਿਊਰੋ) : ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਲਈ ਮੂਲਵਾਦੀ ਕਮਿਊਨਿਟੀਜ਼ ਨਵੇਂ ਸਿਰੇ ਤੋਂ ਸਲਾਹ ਮਸ਼ਵਰੇ ਲਈ ਤਿਆਰ ਹਨ। ਪਰ ਕੁੱਝ ਇਸ ਪਾਈਪਲਾਈਨ ਨੂੰ ਅਹਿਤਿਆਤ ਨਾਲ ਲਾਂਚ ਕਰਨ ਦੇ ਹੱਕ ਵਿੱਚ ਹਨ। ਲਿਬਰਲਾਂ ਨੇ ਬੁੱਧਵਾਰ ਨੂੰ ਆਖਿਆ ਕਿ ਉਹ ਫੈਡਰਲ ਕੋਰਟ ਆਫ ਅਪੀਲ ਦੇ ਅਗਸਤ ਵਿੱਚ ਦਿੱਤੇ ਫੈਸਲੇ ਦੇ ਖਿਲਾਫ ਅਪੀਲ ਨਹੀਂ ਕਰਨਗੇ।

...ਬਾਕੀ ਪੰਨਾ 8 'ਤੇ

## ਵਾਰਡ 9 ਤੇ 10 ਤੋਂ ਕੌਂਸਲਰ ਲਈ ਉਮੀਦਵਾਰ ਹਰਕੀਰਤ ਸਿੰਘ ਵੱਲੋਂ ਕੈਂਪੇਨ ਲਾਂਚ ਅੱਜ

ਬਰੈਪਟਨ, 4 ਅਕਤੂਬਰ (ਪੋਸਟ ਬਿਊਰੋ)- ਬੀਤੇ ਚਾਰ ਸਾਲਾਂ ਤੋਂ ਸਕੂਲ ਟਰੱਸਟੀ ਦੀਆਂ ਸੇਵਾਵਾਂ ਨਿਭਾ ਰਹੇ ਹਰਕੀਰਤ ਸਿੰਘ ਇਸ ਵਾਰ ਵਾਰਡ 9 ਤੇ 10 ਤੋਂ ਸਿਟੀ ਕੌਂਸਲਰ ਲਈ ਉਮੀਦਵਾਰ ਵਜੋਂ ਸਾਹਮਣੇ ਆਏ ਹਨ। ਉਨ੍ਹਾਂ ਵਲੋਂ ਆਪਣੇ ਕੈਂਪੇਨ ਦਾ ਉਦਘਾਟਨ ਅੱਜ 5 ਅਕਤੂਬਰ, 2018 ਨੂੰ ਸ਼ਾਮ ਨੂੰ 5:30 ਵਜੇ ਸਨੀ ਮੈਡੋ ਪ੍ਰੋਫੈਸ਼ਨਲ ਸੈਂਟਰ ਵਿਖੇ ਕੀਤਾ ਜਾ ਰਿਹਾ ਹੈ। 50 ਸਨੀ ਮੈਡੋ ਬੁਲੇਵਡ ਯੂਨਿਟ ਨੰਬਰ 100 ਵਿਖੇ ਇਨ੍ਹਾਂ ਦਾ ਦਫ਼ਤਰ ਸਥਿਤ ਹੈ, ਜਿਥੇ ਉਨ੍ਹਾਂ ਦੇ ਹਿਮਾਇਤੀਆਂ ਵਲੋਂ ਅੱਜ ਭਰਮਾਂ ਇਕੱਠ ਕੀਤੇ ਜਾਣ ਦੀ ਉਮੀਦ ਹੈ। ਹਰਕੀਰਤ ਸਿੰਘ ਨੇ ਸਕੂਲ ਟਰੱਸਟੀ ਵਜੋਂ ਬਖੂਬੀ ਆਪਣੀਆਂ ਸੇਵਾਵਾਂ ਨਿਭਾਈਆਂ ਹਨ ਤੇ ਇਸ ਸਾਲ ਉਨ੍ਹਾਂ ਦੇ ਸਿਟੀ ਕੌਂਸਲਰ ਬਣਨ ਲਈ ਭਾਈਚਾਰੇ ਵਲੋਂ ਭਰਮਾਂ ਹੁੰਗਾਰਾ ਮਿਲ ਰਿਹਾ ਹੈ। ਸਕੂਲ ਟਰੱਸਟੀ ਦੇ ਨਾਲ-ਨਾਲ ਹਰਕੀਰਤ ਸਿੰਘ ਹੰਬਰ ਕਾਲਜ ਵਿਚ ਵੀ ਬਤੌਰ ਪ੍ਰੋਫੈਸਰ ਆਪਣੀਆਂ ਸੇਵਾਵਾਂ ਦੇ ਰਿਹਾ ਸੀ। ਹਰਕੀਰਤ ਸਿੰਘ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਕਮਿਉਨਿਟੀ ਨੂੰ ਇਹ ਅਪੀਲ ਕੀਤੀ ਹੈ ਕਿ ਵੱਧ ਤੋਂ ਵੱਧ ਸਾਡੀ ਇਸ ਕੈਂਪੇਨ ਲਾਂਚ ਉਤੇ ਪਹੁੰਚੋ ਤੇ ਮੇਰੀ ਹੌਸਲਾ ਅਫ਼ਜਾਈ ਕਰੋ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਿਸੇ ਵੀ ਕਿਸਮ ਦੀ ਜਾਣਕਾਰੀ ਚਾਹੀਦੀ ਹੈ ਤਾਂ ਮੈਨੂੰ 416-333-5756 ਉਤੇ ਕਾਲ ਕੀਤੀ ਜਾ ਸਕਦੀ ਹੈ।



### ਪੰਜਾਬੀ ਪੋਸਟ ਵਿਸ਼ੇਸ਼ ਆਰਟੀਕਲ

## ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ - ਭਾਗ 4




ਬੀਤੇ ਦਿਨਾਂ ਤੋਂ ਬਰੈਂਪਟਨ ਬਾਰੇ ਲਿਖੇ ਜਾ ਰਹੇ ਆਰਟੀਕਲਾਂ ਦਾ ਸਿਰਲੇਖ ਵਿੱਚ ਅਸੀਂ 'ਬਰੈਂਪਟਨ ਖਤਰੇ ਵਿੱਚ ਹੈ' ਦੇ ਬਿਰਤਾਂਤ ਨੂੰ ਮੁੱਖ ਰੱਖਿਆ ਹੈ ਜਿਸਦੇ ਅਨੇਕਾਂ ਕਾਰਣ ਹਨ ਜਿਹਨਾਂ ਦਾ ਹੱਲ ਲੋੜੀਂਦਾ ਹੈ। ਪਰ ਮਿਉਂਸੀਪਲ ਚੋਣਾਂ ਲੜ ਰਹੇ ਜ਼ਿਆਦਾਤਰ ਉਮੀਦਵਾਰਾਂ ਨੂੰ ਖਤਰਾ ਸਿਰਫ਼ ਇੱਕ ਗੱਲ ਤੋਂ ਜਾਪਦਾ ਹੈ (ਖੁਦ ਹਾਰ ਜਾਣ ਦੇ ਖਤਰੇ ਤੋਂ ਇਲਾਵਾ!)। ਉਹ ਹੈ ਕਮਿਉਨਿਟੀ ਸੇਫਟੀ ਨੂੰ ਲੈ ਕੇ ਖਤਰਾ। ਵਰਤਮਾਨ ਮੇਅਰ ਲਿੰਡਾ ਜੈਫਰੀ ਤੋਂ ਲੈ ਕੇ ਪੈਟਰਿਕ ਬਰਾਊਨ ਤੋਂ ਬਲ ਗੋਸਲ ਹੋਰਾਂ ਤੱਕ ਸਿਟੀ ਕਾਉਂਸਲ ਅਤੇ ਰੀਜਨਲ ਕਾਉਂਸਲ ਲਈ ਸਾਰੇ ਉਮੀਦਵਾਰਾਂ ਦੇ ਪਲੇਟਫਾਰਮਾਂ ਉੱਤੇ ਕਮਿਉਨਿਟੀ ਸੇਫਟੀ ਦਾ ਰੌਲਾ ਹੀ ਰੌਲਾ ਵਿਖਾਈ ਦੇ ਰਿਹਾ ਹੈ। ਜੇ ਜੁਰਮ, ਹਿੰਸਾ ਅਤੇ ਗੈਂਗਾਂ ਅਤੇ ਘਰੇਲੂ ਹਿੰਸਾ ਵਰਗੇ ਮੁੱਦੇ ਕਮਿਉਨਿਟੀ ਸੇਫਟੀ ਦਾ ਹਿੱਸਾ ਹਨ ਤਾਂ ਸ਼ਰਤੀਆ ਹੀ ਬਰੈਂਪਟਨ ਖਤਰੇ ਵਿੱਚ ਹੈ ਪਰ!

ਪਰ ਹੈਰਾਨੀ ਭਰੀ ਅਤੇ ਮਜ਼ੇਦਾਰ ਗੱਲ ਹੈ ਕਿ ਬਰੈਂਪਟਨ ਲਈ 2040 ਵਿਜ਼ਨ ਦਸਤਾਵੇਜ਼ ਦੇ ਜਨਮ ਦਾਤਿਆਂ ਨੂੰ ਕਮਿਉਨਿਟੀ ਸੇਫਟੀ ਦੇ ਮੁੱਦੇ ਦੀ ਭਿਣਕ ਤੱਕ ਨਹੀਂ ਪਈ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ 100 ਪੰਨਿਆਂ ਦੇ ਇਸ ਦਸਤਾਵੇਜ਼ ਵਿੱਚ 7 ਫੈਕਟਰ ਦਿੱਤੇ ਗਏ ਹਨ ਜਿਹਨਾਂ ਨੂੰ ਹਾਸਲ ਕਰਨ ਨਾਲ 2040 ਤੱਕ ਬਰੈਂਪਟਨ ਇੱਕ ਤੰਦਰੁਸਤ, ਨਿੱਗਰ ਆਰਥਕਤਾ ਅਤੇ ਨਰੋਈ ਜੀਵਨ ਸ਼ੈਲੀ ਵਾਲਾ ਸ਼ਹਿਰ ਬਣ ਜਾਵੇਗਾ। ...ਬਾਕੀ ਪੰਨਾ 8 'ਤੇ

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME AUTO
BUSINESS TRUCKING
R.E.S.P COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes, Bed Bugs, Spider, Beetle & Cockroaches Control
SAME DAY SERVICE & 100% SATISFACTION GUARANTEED
Discount For Seniors Single Mothers & Students
CALL FOR FREE ESTIMATES :
647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

RE-ELECT LINDA JEFFREY
TOGETHER WE CAN DO MORE

Election Day:
Monday, October 22, 10:00am - 8:00pm

Advance Voting:
October 2 - 13



✓ Safer community
✓ Attract and create jobs
✓ Improve Transit and fight gridlock

For more information:
info@lindajeffrey.ca
www.lindajeffrey.ca
Facebook.com/BramptonLinda
@LindaJeffrey
Volunteering: LindaJeffrey.ca
289-201-0609

chatr MOBILE
NOW GET
~~4GB~~ 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON,
(905) 451-0379
2456 LAKE SHORE BLVD W.,
(416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

# “Happy Thanksgiving”

## ਥੈਂਕਸਗਿਵਿੰਗ ਦੀਆਂ ਵਧਾਈਆਂ



Let us give thanks for all that we are fortunate to have in our lives!

**Kamal Khera**
Member of parliament
- Brampton West

35 Van Kirk Drive, Suite 10
Brampton, ON, L7A 1A5

(905)454-4758
kamal.khera@parl.gc.ca
kamalkheramp.ca



# HAPPY THANKSGIVING
from
## RUBY SAHOTA
Your Member of Parliament for Brampton North



I am thankful for the opportunity to serve our community of Brampton North. Since being elected in 2015, under the leadership of Prime Minister Justin Trudeau, we have:

- **Decreased** taxes for the middle class and small businesses
- Created **over 600,000 jobs** and brought the unemployment rate to nearly a historic low
- Enhanced and indexed the Canada Child Benefit, and **lifted 300,000 children out of poverty**
- **Doubled** the Canada Summer Jobs program
- Made **historic investments** in infrastructure and public transit

**CONSTITUENCY OFFICE:**
50 Sunny Meadow Blvd., Unit 306-307
Brampton, ON L6R 0Y7

905-840-0505
Ruby.Sahota@parl.gc.ca

@MPRubySahota @MPRubySahota @MP.RubySahota www.RubySahotaMP.ca






## Life is complicated. Insurance doesn’t have to be.

Switch to State Farm®
and receive even further savings when you combine home and auto.



We’ll find the best policies to fit your life and advise you of opportunities for potential savings.

***Better things are just around the corner.***
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

State Farm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.

***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.

1810928CN



HARKIRAT SINGH

# CAMPAIGN KICKOFF

Join Harkirat Singh for his campaign kickoff to become the next City Councillor for Wards 9 and 10.

***Let’s move Brampton Forward!***



**Friday October 5th**
**5:30 - 7:00 PM**

50 Sunny Meadow Blvd
Unit 100 | Brampton

hello@harkiratsingh.ca
647-209-8000
@iHarkiratSingh

## FREDERICK BANTING INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8





- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




FREDERICK BANTING INTERNATIONAL SCHOOL

**COVENTRY CAMPUS**
21 Coventry Rd, Brampton, Ontario L6T 4V7
Phone: 647-407-4600

WWW.FBI.SCHOOL | INFO@FBS.SCHOOL

**HIGHLIGHTS**
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS



ਰਿਜਨਲ ਕੌਂਸਲਰ, ਵਾਰਡ 9 ਅਤੇ 10
22 ਅਕਤੂਬਰ ਨੂੰ ਚੁਣੋ

# ਗੁਰਪ੍ਰੀਤ ਸਿੰਘ ਢਿੱਲੋਂ

ਪਰਖੀ ਹੋਈ ਲੀਡਰਸ਼ਿਪ



- ਨੌਕਰੀਆਂ ਪੈਦਾ ਕਰਨ ਵਾਲੇ
- ਯੂਨੀਵਰਸਿਟੀ ਦੀ ਮਨਜ਼ੂਰੀ
- ਜੁਰਮ ਘਟਾਉਣ ਲਈ ਪਹਿਲ-ਕਦਮੀ
- ਟੈਕਸ-ਦਰਾਂ ਦੀ ਸੁਰੱਖਿਆ
- LRT ਲਈ ਜੱਦੋ-ਜਹਿਦ
- ਟੈਕਸੀ ਇੰਡਸਟਰੀ ਦੇ ਹੱਕ ਵਿਚ ਖੜੇ ਹੋਣ ਵਾਲੇ

gurpreetsinghdhillon.com | info@gurpreetsinghdhillon.com | 905-781-1010 | @gurpreet brampton | @gurpreet dhillon



# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## ਅੱਜ ਨਾਮਾ

ਭਵਜਲ ਵਿੱਚ ਪਈ ਭਾਜਪਾ ਸੁਣੀ ਜਾਂਦੀ,
ਅਗਲੇ ਸਾਲ ਦਾ ਪਿਆ ਕੁਝ ਡਰ ਮੀਆਂ।
ਤਾਰੇ ਕਹਿ ਕੇ ਅਸਮਾਨਾਂ ਤੋਂ ਤੋੜਨੇ ਸਨ,
ਕਾਣੀ ਕੌਡੀ ਵੀ ਹੋਈ ਨਹੀਂ ਕਰ ਮੀਆਂ।
ਸਭ ਹੀ ਚੀਜ਼ ਬਾਜ਼ਾਰ ਦੇ ਵਿੱਚ ਮਹਿੰਗੀ,
ਔਖੇ ਹੋ ਗਏ ਚਲਾਉਣੇ ਆ ਘਰ ਮੀਆਂ।
ਉੱਡਦਾ ਪਿਆ ਅਸਮਾਨ ਦੇ ਵਿੱਚ ਮੋਦੀ,
ਰਹੇ ਹਨ ਲੋਕੀਂ ਜ਼ਮੀਨ 'ਤੇ ਮਰ ਮੀਆਂ।
ਲਾਰਾ ਰਿਹਾ ਨਾ ਕੋਈ ਜੇ ਲਾਉਣ ਜੋਗਾ,
ਲੱਗਾ ਮੰਦਰ ਦੇ ਟੱਲ ਖੜਕਾਉਣ ਮੋਦੀ।
ਪਿੱਛੇ ਢਾਣੀ ਬਿਠਾਊ ਫਿਰ ਭਾਜਪਾ ਦੀ,
ਮੂਹਰੇ ਲੱਗਾ ਹੈ ਸਾਧ ਬਿਠਾਉਣ ਮੋਦੀ।

**ਤੀਸ ਮਾਰ ਖਾਂ**

# ਘਰ ਦੀ ਤਲਾਸ਼ੀ ਲੈਣ ਗਏ ਅਧਿਕਾਰੀਆਂ ਉੱਤੇ ਮਸ਼ਕੂਕ ਨੇ ਚਲਾਈਆਂ ਗੋਲੀਆਂ, 1 ਹਲਾਕ, 6 ਜ਼ਖ਼ਮੀ

ਫਲੋਰੈਂਸ, 4 ਅਕਤੂਬਰ (ਪੋਸਟ ਬਿਊਰੋ) : ਇੱਕ ਘਰ ਦੇ ਸਰਚ ਵਾਰੰਟ ਲੈ ਕੇ ਘਰ ਦੀ ਤਲਾਸ਼ੀ ਲੈਣ ਗਏ ਇੱਕ ਪੁਲਿਸ ਅਧਿਕਾਰੀ ਤੇ ਉਸ ਦੇ ਛੇ ਕਾਮਰੇਡਾਂ ਉੱਤੇ ਘਰ ਦੇ ਅੰਦਰੋਂ ਇੱਕ ਵਿਅਕਤੀ ਵੱਲੋਂ ਚਲਾਈਆਂ ਗਈਆਂ ਗੋਲੀਆਂ ਕਾਰਨ ਪੁਲਿਸ ਅਧਿਕਾਰੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਮਾਰੇ ਗਏ ਪੁਲਿਸ ਅਧਿਕਾਰੀ ਦੇ ਨਾਲ ਆਪਣੀ ਡਿਊਟੀ ਉੱਤੇ ਗਏ ਅਧਿਕਾਰੀ ਵੀ ਜ਼ਖ਼ਮੀ ਹੋ ਗਏ। ਇਹ ਗੋਲੀ ਕਾਂਡ ਕਈ ਘੰਟੇ ਤੱਕ ਜਾਰੀ ਰਿਹਾ ਕਿਉਂਕਿ ਘਰ ਵਿੱਚ ਮੌਜੂਦ ਵਿਅਕਤੀ ਨੇ ਬੱਚਿਆਂ ਸਮੇਤ ਖੁਦ ਨੂੰ ਬੰਦ ਕਰ ਰੱਖਿਆ ਸੀ ਤੇ ਤਲਾਸ਼ੀ ਲੈਣ ਆਈ ਟੀਮ ਉੱਤੇ ਦੂਰੋਂ ਹੀ ਗੋਲੀਆਂ ਚਲਾ ਰਿਹਾ ਸੀ।



ਇੱਥੇ ਦੱਸਣਾ ਬਣਦਾ ਹੈ ਕਿ ਬੁੱਧਵਾਰ ਨੂੰ ਜ਼ਖ਼ਮੀ ਅਧਿਕਾਰੀਆਂ ਨੂੰ ਹਸਪਤਾਲ ਲਿਜਾਣ ਲਈ ਬੁਲਟ ਪਰੂਫ ਗੱਡੀ ਦੀ ਵਰਤੋਂ ਕੀਤੀ ਗਈ। ਆਖਿਰਕਾਰ ਸ਼ੂਟਰ ਨੇ ਬੱਚਿਆਂ ਨੂੰ ਰਿਹਾਅ ਕਰ ਦਿੱਤਾ ਤੇ ਫਿਰ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇੱਕ ਨਿਊਜ਼ ਕਾਨਫਰੰਸ ਵਿੱਚ ਫਲੋਰੈਂਸ ਕਾਊਂਟੀ ਸ਼ੈਰਿਫ ਕੈਨੀ ਬੂਨ ਨੇ ਆਖਿਆ ਕਿ ਅਧਿਕਾਰੀ ਉੱਥੇ ਇਸ ਗੱਲ ਤੋਂ ਅਣਜਾਣ ਹੀ ਗਏ ਸਨ ਕਿ ਮਸ਼ਕੂਕ ਕੋਲ ਕੋਈ ਹਥਿਆਰ ਵੀ ਸਨ। ਉਨ੍ਹਾਂ ਦੱਸਿਆ ਕਿ ਉਹ ਵਿਅਕਤੀ ਅਸਾਨੀ ਨਾਲ ਸਾਰਿਆਂ ਨੂੰ ਵੇਖ ਸਕਦਾ ਸੀ ਤੇ ਸੱਭ ਉੱਤੇ ਗੋਲੀਆਂ ਚਲਾ ਸਕਦਾ ਸੀ।

ਇੱਥੇ ਆਏ ਤੂਫਾਨ ਤੇ ਹੜ੍ਹਾਂ ਦੇ ਝੰਬੇ ਲੋਕ ਇਸ ਤਰ੍ਹਾਂ ਦੀ ਹਿੰਸਕ ਘਟਨਾ ਬਾਰੇ ਸੁਣ ਕੇ ਹੈਰਾਨ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਮੇਂ ਸ਼ੈਰਿਫ ਤੇ ਪੁਲਿਸ ਮੁਖੀ ਦੋਵੇਂ ਰੋ ਪਏ। ਮਾਰੇ ਗਏ ਪੁਲਿਸ ਅਧਿਕਾਰੀ ਡਾਰਲਿੰਗਟਨ ਦੇ 52 ਸਾਲਾ ਟੈਰੈਂਸ ਕੈਰਾਵੇਅ ਨੂੰ ਅਜੇ ਕੁੱਝ ਸਮਾਂ ਪਹਿਲਾਂ ਹੀ ਫਲੋਰੈਂਸ ਪੁਲਿਸ ਵਿਭਾਗ ਨਾਲ 30 ਸਾਲ ਤੱਕ ਸੇਵਾ ਨਿਭਾਉਣ ਬਦਲੇ ਸਨਮਾਨਿਤ ਕੀਤਾ ਗਿਆ ਸੀ। ਅਧਿਕਾਰੀਆਂ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਵਾਰੰਟ ਰਾਹੀਂ ਤਲਾਸ਼ੀ ਕਿਉਂ ਲਈ ਜਾ ਰਹੀ ਹੈ। ਉਨ੍ਹਾਂ ਮਸ਼ਕੂਕ ਦਾ ਨਾਂ ਵੀ ਨਹੀਂ ਦੱਸਿਆ।

## ਸਰਕਾਰੀ ਸਕੂਲ ਵਿੱਚ ਮੂਰਤੀ ਲਾਉਣ ਤੋਂ ਪਹਿਲਾਂ ਮੰਦਰ ਦਾ ਢਾਂਚਾ ਤੋੜ ਦਿੱਤਾ

ਜੈਪੁਰ, 4 ਅਕਤੂਬਰ, (ਪੋਸਟ ਬਿਊਰੋ)- ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੀ ਰਾਮਗੜ੍ਹ ਤਹਿਸੀਲ ਦੇ ਕਕਰਾਲੀ ਮੇਵ ਪਿੰਡ ਦੇ ਵਾਸੀਆਂ ਨੇ ਸਰਕਾਰੀ ਹਾਈ ਸਕੂਲ ਵਿੱਚ ਸਰਸਵਤੀ ਦੀ ਮੂਰਤੀ ਲਾਉਣ ਲਈ ਬਣਾਏ ਜਾ ਰਹੇ ਮੰਦਰ ਦਾ ਢਾਂਚਾ ਤੋੜ ਦਿੱਤਾ ਹੈ। ਇਸ ਮੰਦਰ 'ਚ ਨਵਰਾਤਰਿਆਂ ਮੌਕੇ ਮੂਰਤੀ ਸਥਾਪਿਤ ਕੀਤੀ ਜਾਣੀ ਸੀ। ਅਸਲ ਵਿੱਚ ਮੇਵ ਪਿੰਡ ਵਿੱਚ ਮੁਸਲਿਮ ਬਹੁ-ਗਿਣਤੀ ਹੈ ਤੇ ਇਸ ਪਿੰਡ ਦੇ ਲੋਕ ਮੂਰਤੀ ਲਾਉਣ ਦਾ ਵਿਰੋਧ ਕਰ ਰਹੇ ਸਨ, ਪਰ ਅਧਿਆਪਕਾਂ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ। ਮੰਗਲਵਾਰ ਰਾਤ ਪਿੰਡ ਵਾਸੀਆਂ ਨੇ ਢਾਂਚੇ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ। ਇਸ ਤੋਂ ਪਹਿਲਾਂ ਪਿੰਡ ਵਾਸੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਸਕੂਲ 'ਚ ਮੰਦਰ ਬਣਦਾ ਹੈ ਤਾਂ ਇੱਕ ਵੀ ਬੱਚਾ ਪੜ੍ਹਨ ਨਹੀਂ ਆਵੇਗਾ। ਮੇਵ-ਮੁਸਲਿਮ ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਸੋਚ ਨਾਲ ਸਰਕਾਰੀ ਸਕੂਲ 'ਚ ਸਰਸਵਤੀ ਦੀ ਮੂਰਤੀ ਲਾਉਣਾ ਚਾਹੁੰਦੀ ਹੈ। ਵਰਨਣ ਯੋਗ ਹੈ ਕਿ ਸਰਕਾਰੀ ਹਾਈ ਸਕੂਲ ਕਕਰਾਲੀ ਪਿੰਡ 'ਚ 573 ਬੱਚੇ ਹਨ, ਜਿਨ੍ਹਾਂ ਵਿੱਚ ਹਿੰਦੂ ਭਾਈਚਾਰੇ ਦੇ ਸਿਰਫ 47 ਬੱਚੇ ਹਨ। ਸਕੂਲ ਪ੍ਰਿੰਸੀਪਲ ਪੁਸ਼ਪਾ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਵੀ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਕਿਸੇ ਸਿਆਸੀ ਆਗੂ ਦੇ ਇਸ਼ਾਰੇ ਉੱਤੇ ਸਰਸਵਤੀ ਦੀ ਮੂਰਤੀ ਨਹੀਂ ਲਾਈ ਜਾ ਰਹੀ। ਸਾਰੇ ਸਕੂਲਾਂ ਵਿੱਚ ਮਾਂ ਸਰਸਵਤੀ ਦੀ ਮੂਰਤੀ ਲਾਈ ਜਾਂਦੀ ਹੈ ਤਾਂ ਅਸੀਂ ਵੀ ਇਹ ਕਦਮ ਚੁੱਕਿਆ ਸੀ। ਪ੍ਰਿੰਸੀਪਲ ਦੀ ਸੂਚਨਾ 'ਤੇ ਪੁਲਿਸ ਸਕੂਲ 'ਚ ਪਹੁੰਚੀ ਅਤੇ ਕੇਸ ਦਰਜ ਕੀਤਾ ਹੈ, ਜਿਸ 'ਚ ਕੁਝ ਪਿੰਡ ਵਾਸੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਤਣਾਅ ਨੂੰ ਵੇਖਦੇ ਹੋਏ ਡੀ ਐੱਸ ਪੀ ਅਸ਼ੋਕ ਚੌਹਾਨ ਪਿੰਡ ਵਿਚ ਹਨ।

## ਓਨਟਾਰੀਓ ਗੁਰਦਵਾਰਾ ਕਮੇਟੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੇ ਇੰਨਸਾਫ ਲਈ ਬਰਗਾੜੀ ਧਰਨੇ ਦੀ ਪੁਰਜ਼ੋਰ ਹਿਮਾਇਤ

**ਸੰਗਤਾਂ ਨੂੰ ਸੱਤ ਅਕਤੂਬਰ ਦੇ ਮਾਰਚ ਵਿੱਚ ਭਾਰੀ ਗਿਣਤੀ ਵਿੱਚ ਸ਼ਾਮਲ ਹੋਣ ਦੀ ਕੀਤੀ ਅਪੀਲ**

ਟੋਰਾਂਟੋ: ਕੈਨੇਡਾ ਦੇ ਸੂਬੇ ਓਨਟਾਰੀਓ ਅਤੇ ਕਿਊਬੈਕ ਦੇ ਸਮੂਹ ਗੁਰੂ ਘਰਾਂ ਦੀ ਸੇਵਾ ਸੰਭਾਲ ਕਰ ਰਹੀ 'ਓਨਟਾਰੀਓ ਗੁਰਦ-ਵਾਰਾ ਕਮੇਟੀ' ਵਲੋਂ ਪੰਜਾਬ ਦੇ ਪਿੰਡ ਬਰਗਾੜੀ ਵਿੱਚ ਪੰਥਕ ਧਿਰਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਵਿੱਢੇ ਗਏ ਧਰਨਾ ਰੂਪੀ ਸੰਘਰਸ਼ ਦੀ ਹਿਮਾਇਤ ਕੀਤੀ ਗਈ ਹੈ ਅਤੇ ਇਸ ਧਰਨੇ ਵਿੱਚ ਬੈਠੀਆਂ ਧਿਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ। ਕਮੇਟੀ ਵਲੋਂ ਇਹ ਵੀ ਮੰਗ ਕੀਤੀ ਗਈ ਹੈ ਕਿ ਜਿਨ੍ਹਾਂ ਚਿਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਕੋਈ ਸਾਰਥਿਕ ਸਿੱਟਾ ਸਾਹਮਣੇ ਨਹੀਂ ਆਉਂਦਾ ਉਤਨਾ ਚਿੱਰ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇ। ਕਮੇਟੀ ਦੇ ਅਹੁੱਦੇਦਾਰਾਂ ਵਲੋਂ ਸਿੱਖ ਸੰਗਤਾਂ ਨੂੰ ਇਹ ਵੀ ਅਪੀਲ ਕੀਤੀ ਗਈ ਹੈ ਕਿ ਸੁਖਪਾਲ ਸਿੰਘ ਖਹਿਰਾ ਵਲੋਂ ਕੱਢੇ ਜਾ ਰਹੇ ਮਾਰਚ ਵਿੱਚ ਭਾਰੀ ਗਿਣਤੀ ਵਿੱਚ ਸ਼ਾਮਲ ਹੋ ਕੇ ਇਸ ਗੱਲ ਦਾ ਸਬੂਤ ਦਿੱਤਾ ਜਾਵੇ ਕਿ ਸੰਗਤਾਂ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਵਲੋਂ ਕੱਢੀਆਂ ਜਾ ਰਹੀਆਂ ਰੈਲੀਆਂ ਨਾਲੋਂ ਸੰਗਤਾਂ ਨੂੰ ਆਪਣੇ ਇਸ਼ਟ ਨਾਲ ਵੱਧ ਪਿਆਰ ਹੈ।

ਓਨਟਾਰੀਓ ਗੁਰਦਵਾਰਾ ਕਮੇਟੀ ਦੇ ਲੈਟਰ ਪੈਡ ਉਪਰ ਅਮਰਜੀਤ ਸਿੰਘ ਦਿਉਲ ਦੇ ਦਸਤਖਤਾਂ ਨਾਲ ਜਾਰੀ ਕੀਤੇ ਪ੍ਰੈੱਸ-ਨੋਟ ਵਿੱਚ ਕਿਹਾ ਗਿਆ ਹੈ ਕਿ ਪੰਥ ਅਤੇ ਗ੍ਰੰਥ ਦੀ ਚੜ੍ਹਦੀ ਕਲ੍ਹਾ ਲਈ ਅਤੇ ਬੇਅਦਬੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਰਕਾਰ ਉਪਰ ਦਬਾ ਬਣਾਉਣਾ ਜ਼ਰੂਰੀ ਹੈ ਤਾਂ ਕਿ ਇੰਨਸਾਫ ਮਿਲ ਸਕੇ। ਇਸ ਨੋਟ ਵਿੱਚ ਜਿੱਥੇ ਫਖਰੇ ਕੌਮ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਦੀ ਨਿਖੇਧੀ ਕੀਤੀ ਗਈ ਹੈ ਉਥੇ ਕੈਮਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਉਪਰ ਬਾਦਲਾਂ ਨੂੰ ਬਚਾਉਣ ਦੇ ਵੀ ਦੋਸ਼ ਲਾਏ ਗਏ ਹਨ। ਯਾਰ ਰਹੇ ਕਿ ਉਕਤ ਕਮੇਟੀ ਵਲੋਂ ਓਨਟਾਰੀਓ ਸੂਬੇ ਦੇ ਪੰਦਰਾਂ ਅਤੇ ਕਿਉਬੈਕ ਸੂਬੇ ਦੇ ਚਾਰ ਗੁਰੂਘਰਾਂ ਦੀ ਸਾਂਭ-ਸੰਭਾਲ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ।

## ਪ੍ਰਭਮੀਤ ਸਰਕਾਰੀਆ ਬਣੇ ਕਮੇਟੀ ਆਨ ਫਾਇਨਾਂਸ਼ੀਅਲ ਟਰਾਂਸਪੇਰੈਂਸੀ ਦੇ ਚੇਅਰ

ਬਰੈਂਪਟਨ, 4 ਅਕਤੂਬਰ (ਪੋਸਟ ਬਿਊਰੋ) : ਸਾਬਕਾ ਲਿਬਰਲ ਸਰਕਾਰ ਦੇ ਕਾਰਜਕਾਲ ਦੌਰਾਨ ਹੋਈਆਂ ਵਿੱਤੀ ਗੜਬੜੀਆਂ ਦੇ ਸਬੰਧ ਵਿੱਚ ਓਨਟਾਰੀਓ ਦੇ ਇੰਡੀਪੈਂਡੈਂਟ ਫਾਇਨਾਂਸ਼ੀਅਲ ਕਮਿਸ਼ਨ ਆਫ ਇਨਕੁਆਇਰੀ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਤੋਂ ਬਾਅਦ ਸਿਲੈਕਟ ਕਮੇਟੀ ਆਨ ਫਾਇਨਾਂਸ਼ੀਅਲ ਟਰਾਂਸਪੇਰੈਂਸੀ ਕਾਇਮ ਕੀਤੀ ਗਈ।



ਐਮਪੀਪੀ ਪ੍ਰਭਮੀਤ ਸਰਕਾਰੀਆ ਨੂੰ ਇਸ ਕਮੇਟੀ ਦਾ ਚੇਅਰ ਨਿਯੁਕਤ ਕੀਤਾ ਗਿਆ। ਸਰਕਾਰੀਆ ਨੇ ਆਖਿਆ ਕਿ ਇਹ ਬਹੁਤ ਜ਼ਰੂਰੀ ਹੈ ਕਿ ਇਹ ਕਮੇਟੀ ਇਸ ਗੱਲ ਦੀ ਗਹਿਰਾਈ ਵਿੱਚ ਜਾਵੇ ਕਿ ਕਿਸ ਤਰ੍ਹਾਂ ਪਿਛਲੀ ਸਰਕਾਰ ਵੱਲੋਂ ਬਜਟ ਸਬੰਧੀ ਅਸਵੀਕਾਰਯੋਗ ਫੈਸਲੇ ਕੀਤੇ ਗਏ। ਉਨ੍ਹਾਂ ਆਖਿਆ ਕਿ ਰਿਪੋਰਟ ਵਿੱਚ ਜਿਨ੍ਹਾਂ ਤੱਥਾਂ ਦਾ ਖੁਲਾਸਾ ਹੋਇਆ ਹੈ ਉਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪਿਛਲੀ ਸਰਕਾਰ ਕਈ ਬਿਲੀਅਨ ਡਾਲਰ ਲੁਕਾਉਣਾ ਚਾਹੁੰਦੀ ਸੀ ਤੇ ਇਸ ਦਾ ਕੋਈ ਜ਼ਿਕਰ ਰਿਕਾਰਡ ਵਿੱਚ ਰੱਖਣ ਦੇ ਹੱਕ ਵਿੱਚ ਨਹੀਂ ਸੀ। ਇਸ ਦੇ ਨਾਲ ਹੀ ਸਾਬਕਾ ਲਿਬਰਲ ਸਰਕਾਰ ਨੇ ਟੈਕਸਦਾਤਾਵਾਂ ਨੂੰ ਵੀ ਧੋਖਾ ਦੇਣ ਦੀ ਕੋਸ਼ਿਸ਼ ਕੀਤੀ।

ਕਮਿਸ਼ਨ ਦੀ ਰਿਪੋਰਟ ਦਾ ਮੁਲਾਂਕਣ ਕਰਦੇ ਸਮੇਂ ਕਮੇਟੀ ਕੋਲ ਚਸ਼ਮਦੀਦ ਸੱਦਣ ਦੀ ਸ਼ਕਤੀ ਹੋਵੇਗੀ, ਇਸ ਦੇ ਨਾਲ ਹੀ ਕਮੇਟੀ ਦਸਤਾਵੇਜ਼ਾਂ ਦੀ ਜਾਂਚ ਕਰ ਸਕੇਗੀ ਤੇ ਜਵਾਬ ਹਾਸਲ ਕਰਨ ਲਈ ਸਬੂਤ ਇੱਕਠੇ ਕਰੇਗੀ। ਇਹ ਸਾਰਾ ਕੁੱਝ ਇਸ ਲਈ ਕੀਤਾ ਜਾਵੇਗਾ ਤਾਂ ਕਿ ਅਸੀਂ ਵਿਸ਼ਵਾਸ, ਪਾਰਦਰਸ਼ਤਾ ਤੇ ਜਵਾਬਦੇਹੀ ਦਾ ਨਵਾਂ ਰੁਝਾਨ ਸ਼ੁਰੂ ਕਰ ਸਕੀਏ। ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਕਮੇਟੀ ਦਾ ਚੇਅਰ ਹੋਣ ਨਾਤੇ ਉਹ ਇਸ ਕੰਮ ਨੂੰ ਸਿਰੇ ਚੜ੍ਹਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਦੇ ਨਾਲ ਹੀ ਅਸੀਂ ਓਨਟਾਰੀਓ ਦੇ ਲੋਕਾਂ ਦਾ ਸਰਕਾਰ ਵਿੱਚ ਯਕੀਨ ਪੱਕਾ ਕਰਨ ਦੀ ਕੋਸ਼ਿਸ਼ ਵੀ ਕਰਾਂਗੇ।

## ਡਬਲਿਊਟੀਓ ਨੂੰ ਬਚਾਉਣ ਲਈ ਰੱਖੀ ਸਿਖਰ ਵਾਰਤਾ ਵਿੱਚ ਕੈਨੇਡਾ ਨੇ ਅਮਰੀਕਾ ਨੂੰ ਨਹੀਂ ਦਿੱਤਾ ਸੱਦਾ

ਓਟਵਾ, 4 ਅਕਤੂਬਰ (ਪੋਸਟ ਬਿਊਰੋ) : ਓਟਵਾ ਵਿੱਚ ਕੌਮਾਂਤਰੀ ਟਰੇਡਿੰਗ ਸਿਸਟਮ ਨੂੰ ਬਚਾਉਣ ਲਈ ਰੱਖੀ ਗਈ ਮੀਟਿੰਗ ਵਿੱਚ ਕੈਨੇਡਾ ਵੱਲੋਂ ਅਮਰੀਕਾ ਨੂੰ ਸ਼ਾਮਲ ਹੋਣ ਦਾ ਸੱਦਾ ਨਹੀਂ ਦਿੱਤਾ ਗਿਆ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਕਿਉਂਕਿ ਅਮਰੀਕਾ ਇਸ ਮੀਟਿੰਗ ਵਿੱਚ ਹਿੱਸਾ ਲੈਣ ਲਈ ਸੱਦੇ ਗਏ ਬਾਕੀ 13 ਦੇਸ਼ਾਂ ਦੇ ਵਿਚਾਰਾਂ ਨਾਲ ਇਤਫਾਕ ਨਹੀਂ ਰੱਖਦਾ। ਇਹ ਜਾਣਕਾਰੀ ਕੈਨੇਡਾ ਦੇ ਟਰੇਡ ਮੰਤਰੀ ਨੇ ਦਿੱਤੀ।



ਇਸ ਮਹੀਨੇ ਦੇ ਅਖੀਰ ਵਿੱਚ ਓਟਵਾ ਵਿੱਚ ਹੋਣ ਜਾ ਰਹੀ ਦੋ ਰੋਜ਼ਾ ਗੱਲਬਾਤ ਵਿੱਚ ਕੈਨੇਡਾ 13 ਇੱਕੋ ਜਿਹੀ ਸੋਚ ਰੱਖਣ ਵਾਲੇ ਦੇਸ਼ਾਂ ਦੇ ਸੀਨੀਅਰ ਮੰਤਰੀਆਂ ਦੀ ਮੇਜ਼ਬਾਨੀ ਕਰੇਗਾ। ਕੈਨੇਡਾ ਦੇ ਨਵ ਨਿਯੁਕਤ ਇੰਟਰਨੈਸ਼ਨਲ ਟਰੇਡ ਡਾਇਵਰਸੀਫਿਕੇਸ਼ਨ ਮੰਤਰੀ ਜਿੰਮ ਕਾਰ ਨੇ ਆਖਿਆ ਕਿ ਇਹ ਗੱਲਬਾਤ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਵਿੱਚ ਸੁਧਾਰ ਲਈ ਰੱਖੀ ਗਈ ਹੈ। ਕਾਰ ਨੇ ਆਖਿਆ ਕਿ ਅਸੀਂ ਸੋਚਿਆ ਕਿ ਇਸ ਦਾ ਬਿਹਤਰ ਤਰੀਕਾ ਇੱਕੋ ਜਿਹੀ ਸੋਚ ਰੱਖਣ ਵਾਲਿਆਂ ਨਾਲ ਸਲਾਹ ਮਸ਼ਵਰਾ ਕਰਨਾ ਹੋ ਸਕਦਾ ਹੈ ਤੇ ਇਸੇ ਲਈ ਅਸੀਂ ਸਾਡੇ ਵਰਗੀ ਸੋਚ ਰੱਖਣ ਵਾਲਿਆਂ ਨੂੰ ਸੱਦਿਆ ਹੈ ਤੇ ਉਹ ਆ ਵੀ ਰਹੇ ਹਨ।

ਕਾਰ ਨੇ ਅੱਗੇ ਆਖਿਆ ਕਿ ਉਹ ਦੇਸ ਵੀ ਇਹੋ ਮੰਨਦੇ ਹਨ ਕਿ ਨਿਯਮ ਅਧਾਰਿਤ ਸਿਸਟਮ ਕੌਮਾਂਤਰੀ ਭਾਈਚਾਰੇ ਦੇ ਹੱਕ ਵਿੱਚ ਹੈ। ਪਹਿਲਾਂ ਅਸੀਂ ਇੱਥੇ ਆਮ ਸਹਿਮਤੀ ਬਣਾਵਾਂਗੇ ਤੇ ਫਿਰ ਉਨ੍ਹਾਂ ਦੇਸ਼ਾਂ ਨੂੰ ਆਪਣੀ ਸੋਚ ਤੋਂ ਸਮਝਾਂਵਾਂਗੇ ਜਿਹੜੇ ਥੋੜ੍ਹਾ ਅੜੀਅਲ ਰੁਖ ਰੱਖਦੇ ਹਨ। ਇਹ ਪੁੱਛੇ ਜਾਣ ਉੱਤੇ ਕਿ ਅਮਰੀਕੀਆਂ ਨੂੰ ਉਹ ਕਿਹੋ ਜਿਹਾ ਸੁਨੇਹਾ ਦੇਣਾ ਚਾਹੁਣਗੇ ਤਾਂ ਉਨ੍ਹਾਂ ਆਖਿਆ ਕਿ ਇਹੋ ਸੁਨੇਹਾ ਦੇਣਾ ਚਾਹੁਣਗੇ ਕਿ ਨਿਯਮ ਆਧਾਰਿਤ ਸਿਸਟਮ ਉਨ੍ਹਾਂ ਲਈ ਵੀ ਚੰਗਾ ਹੈ।

ਜਿਕਰਯੋਗ ਹੈ ਕਿ ਅਮਰੀਕਾ ਦੇ ਰਾਸਟਰਪਤੀ ਡੌਨਲਡ ਟਰੰਪ ਤੇ ਉਨ੍ਹਾਂ ਦੇ ਪ੍ਰੋਟੈਕਸਨਿਸਟ ਪ੍ਰਸਾਸਨ ਨੇ ਇਸ ਨਾਲੋਂ ਖੁਦ ਨੂੰ ਪਹਿਲਾਂ ਹੀ ਵੱਖ ਕਰ ਲਿਆ ਸੀ। ਟਰੰਪ ਦੇ ਉੱਘੇ ਇਕਨਾਮਿਕ ਸਲਾਹਕਾਰ ਲੈਰੀ ਕੁਡਲੋਅ ਪਹਿਲਾਂ ਵੀ ਕਈ ਵਾਰੀ ਡਬਲਿਊਟੀਓ ਨੂੰ ਗੈਰ ਪ੍ਰਭਾਵਸਾਲੀ ਤੇ ਟੁੱਟਿਆ ਹੋਇਆ ਸਿਸਟਮ ਦੱਸ ਚੁੱਕੇ ਹਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
NO CREDIT ANY CREDIT
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

## ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਨੇ ਪੈਟਰੋਲ-ਡੀਜ਼ਲ ’ਤੇ ਵੈਟ ਘਟਾਇਆ

*** ਪੰਜਾਬ ਸਰਕਾਰ ਉੱਤੇ ਵੀ ਘਟਾਉਣ ਲਈ ਦਬਾਅ ਬਣਿਆ**

ਜਲੰਧਰ, 4 ਅਕਤੂਬਰ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਾਲੇ ਦੇਸ਼ ਦੇ ਸਾਰੇ ਰਾਜਾਂ ਨੇ ਪੈਟਰੋਲ ਅਤੇ ਡੀਜ਼ਲ ਦੇ ਰੇਟਾਂ ਵਿਚ 2.50 ਰੁਪਏ ਦੀ ਕਮੀ ਦਾ ਐਲਾਨ ਕੀਤਾ ਹੈ। ਇਸ ਤੋਂ ਬਾਅਦ ਪੰਜਾਬ ਸਰਕਾਰ ਉੱਤੇ ਵੀ ਪੈਟਰੋਲ ਅਤੇ ਡੀਜ਼ਲ ਦੇ ਉੱਤੇ ਲੱਗਣ ਵਾਲੇ ਵੈਟ ਦੀਆਂ ਦਰਾਂ ਘਟਾਉਣ ਦਾ ਦਬਾਅ ਵਧ ਗਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿਚ ਪੈਟਰੋਲ ਉੱਤੇ 35.12 ਫੀਸਦੀ ਵੈਟ ਲੱਗਦਾ ਹੈ ਅਤੇ ਉੱਤਰ ਭਾਰਤ ਦੇ ਰਾਜਾਂ ਵਿਚ ਪੈਟਰੋਲ ਉਤੇ ਸਭ ਤੋਂ ਵੱਧ ਵੈਟ ਲੈਣ ਵਾਲਾ ਸੂਬਾ ਪੰਜਾਬ ਹੈ। ਵੀਰਵਾਰ ਨੂੰ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਵਲੋਂ ਪੈਟਰੋਲ ਤੇ ਡੀਜ਼ਲ ਉਤੇ 2.50 ਰੁਪਏ ਪ੍ਰਤੀ ਲਿਟਰ ਦੀ ਕਮੀ ਕਰਨ ਦੇ ਐਲਾਨ ਪਿੱਛੋਂ ਵੀਰਵਾਰ ਸ਼ਾਮ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਭਾਜਪਾ ਦੀ ਸੱਤਾ ਵਾਲੇ ਸਾਰੇ ਰਾਜਾਂ ਵਿਚ 2.50 ਰੁਪਏ ਪ੍ਰਤੀ ਲਿਟਰ ਵੈਟ ਦੀ ਕਮੀ ਕਰਨ ਦਾ ਐਲਾਨ ਕੀਤਾ ਹੈ। ਦੇਸ਼ ਦੇ 17 ਰਾਜਾਂ ਵਿਚ ਭਾਜਪਾ ਸਰਕਾਰ ਹੈ ਅਤੇ ਪੰਜਾਬ ਦੇ ਗੁਆਂਢ ਹਿਮਾਚਲ ਅਤੇ ਹਰਿਆਣਾ ਵਿਚ ਵੀ ਇਸ ਐਲਾਨ ਨਾਲ ਪੈਟਰੋਲ ਦੀਆਂ ਕੀਮਤਾਂ ਪੰਜਾਬ ਦੇ ਮੁਕਾਬਲੇ ਕਾਫੀ ਘੱਟ ਗਈਆਂ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਇਸ ਐਲਾਨ ਪਿੱਛੋਂ ਪੰਜਾਬ ਵਿਚ ਕੈਪਟਨ ਸਰਕਾਰ ਨੂੰ ਵੀ ਪੈਟਰੋਲ ਅਤੇ ਡੀਜ਼ਲ ਦੇ ਵਸੂਲੇ ਜਾਣ ਵਾਲੇ ਵੈਟ ਦੀਆਂ ਦਰਾਂ ’ਤੇ ਮੁੜ ਵਿਚਾਰ ਕਰਨਾ ਪੈ ਸਕਦਾ ਹੈ।

## ਚੰਡੀਗੜ੍ਹ ਬਾਰੇ ਕੇਂਦਰੀ ਨੋਟੀਫਿਕੇਸ਼ਨ ਤੋਂ ਅਕਾਲੀ-ਭਾਜਪਾ ਵਿਚਲੇ ਵਖਰੇਵੇਂ ਬਾਹਰ ਆਏ

ਅੰਮ੍ਰਿਤਸਰ, 4 ਅਕਤੂਬਰ, (ਪੋਸਟ ਬਿਊਰੋ)- ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਬਾਰੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਬਾਰੇ ਅਕਾਲੀ ਦਲ ਅਤੇ ਭਾਜਪਾ ਦੇ ਵਖਰੇਵੇਂ ਜ਼ਾਹਰ ਹੋਏ ਹਨ। ਅਕਾਲੀ ਦਲ, ਜਿਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ, ਨੇ ਨੋਟੀਫਿਕੇਸ਼ਨ ’ਤੇ ਇਤਰਾਜ਼ ਕੀਤਾ ਹੈ, ਪਰ ਭਾਜਪਾ ਇਸ ਦਾ ਪੱਖ ਲੈ ਰਹੀ ਹੈ।

ਵਰਨਣ ਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ 25 ਸਤੰਬਰ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਦੇ ਨਾਲ ਪੰਜਾਬ ਅਤੇ ਹਰਿਆਣਾ ਵਿੱਚੋਂ ਚੰਡੀਗੜ੍ਹ ਵਿੱਚ ਨਿਯੁਕਤੀਆਂ ਖ਼ਤਮ ਹੋ ਜਾਣਗੀਆਂ ਤੇ ਕੇਂਦਰ ਵਲੋਂ ਸਿੱਧੇ ਅਫਸਰਾਂ ਦੀਆਂ ਨਿਯੁਕਤੀਆਂ ਹੋਣਗੀਆਂ। ਪੰਜਾਬ ਰੀਆਰਗੇਨਾਈਜੇਸ਼ਨ ਐਕਟ ਮੁਤਾਬਕ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ 60-40 ਦੇ ਅਨੁਪਾਤ ਨਾਲ ਪੰਜਾਬ ਤੇ ਹਰਿਆਣਾ ਤੋਂ ਨਿਯੁਕਤੀਆਂ ਹੁੰਦੀਆਂ ਹਨ। ਨਵੇਂ ਨੋਟੀਫਿਕੇਸ਼ਨ ਬਾਰੇ ਸਿਆਸੀ ਆਗੂਆਂ ਦਾ ਦਾਅਵਾ ਹੈ ਕਿ ਇਸ ਨਾਲ ਪੰਜਾਬ ਦਾ ਚੰਡੀਗੜ੍ਹ ਉੱਤੇ ਦਾਅਵਾ ਕਮਜ਼ੋਰ ਹੋ ਜਾਵੇਗਾ। ਇਸ ਬਾਰੇ ਕਾਂਗਰਸ ਅਤੇ ਅਕਾਲੀ ਦਲ ਨੇ ਨੋਟੀਫਿਕੇਸ਼ਨ ਰੱਦ ਕੀਤਾ ਹੈ। ਕੇਂਦਰ ਸਰਕਾਰ ਵਿੱਚ ਸ਼ਾਮਲ ਅਕਾਲੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਬਾਰੇ ਗ੍ਰਹਿ ਮੰਤਰੀ ਕੋਲ ਪਹੁੰਚ ਕੀਤੀ ਅਤੇ ਨੋਟੀਫਿਕੇਸ਼ਨ ਵਾਪਸ ਲੈਣ ਨੂੰ ਕਿਹਾ ਸੀ।

ਪੰਜਾਬ ਭਾਜਪਾ ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਕਦਮ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਬੇਹਤਰੀ ਵਾਲਾ ਦੱਸ ਕੇ ਕਿਹਾ ਕਿ ਕਾਂਗਰਸ ਨੇ ਇਹ ਬੇਲੋੜਾ ਮੁੱਦਾ ਬਣਾਇਆ ਹੈ, ਚੰਡੀਗੜ੍ਹ ’ਤੇ ਪੰਜਾਬ ਦੇ ਦਾਅਵੇ ਲਈ ਭਾਜਪਾ ਨਾਲ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਤੇ ਪੰਜਾਬ ਨੂੰ ਮਿਲਣਾ ਚਾਹੀਦਾ ਹੈ, ਪਰ ਨਵਾਂ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਚੰਡੀਗੜ੍ਹ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਿਹਤਰ ਬਣਾਇਆ ਜਾ ਸਕੇਗਾ।

## ਸਿੱਧੂ ਵੱਲੋਂ ਫਾਸਟਵੇਅ ਅਤੇ ਸੁਖਅੰਮ੍ਰਿਤ ਉੱਤੇ ਘਪਲਿਆਂ ਦੇ ਗੰਭੀਰ ਦੋਸ਼

*** ਕਰੋੜਾਂ ਦੀ ਟੈਕਸ ਚੋਰੀ ਦੇ ਕਾਰਨ ਦੱਸੋ ਨੋਟਿਸ ਦਾ ਖੁਲਾਸਾ**

ਚੰਡੀਗੜ੍ਹ, 4 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੱਜ ਇੱਕ ਤਰ੍ਹਾਂ ਫਾਸਟਵੇਅ, ਸੁਖਅੰਮ੍ਰਿਤ ਵਰਗੀਆਂ ਕੰਪਨੀਆਂ ਖਿਲਾਫ ਸਿੱਧਾ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾ ਕਿਹਾ ਕਿ ਉਨ੍ਹਾਂ ਨੇ 6 ਜੁਲਾਈ 2017 ਨੂੰ ਸਰਵਿਸ ਟੈਕਸ ਚੋਰੀ ਦਾ ਜਿਹੜਾ ਮੁੱਦਾ ਪੇਸ਼ ਕੀਤਾ ਸੀ, ਉਸ ਵਿਚਲਾ ਸੱਚ ਸਭ ਦੇ ਸਾਹਮਣੇ ਆ ਗਿਆ ਹੈ। ਡਾਇਰੈਕਟਰ ਜਨਰਲ ਆਫ ਜੀ ਐੱਸ ਟੀ ਇੰਟੈਲੀਜੈਂਸ ਨੇ ਫਾਸਟਵੇਅ ਟਰਾਂਸਮਿਸ਼ਨ ਪ੍ਰਾਈਵੇਟ ਲਿਮਟਿਡ, ਸੁਖਅੰਮ੍ਰਿਤ ਕੇਬਲ ਐਂਡ ਡਾਟਕਾਮ ਪ੍ਰਾਈਵੇਟ ਲਿਮਟਿਡ ਅਤੇ ਇਨ੍ਹਾਂ ਨਾਲ ਜੁੜੀਆਂ ਕਰੀਬ 11-12 ਕੰਪਨੀਆਂ ਸਣੇ ਲੋਕਲ ਕੇਬਲ ਆਪਰੇਟਰਸ ਨੂੰ ਕਰੀਬ 714 ਕਰੋੜ ਰੁਪਏ ਸਰਵਿਸ ਟੈਕਸ ਚੋਰੀ ਦੇ ਸਬੰਧ ਵਿਚ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਇਹੋ ਜਿਹੀ ਟੈਕਸ ਚੋਰੀ ਵਿੱਚ 100 ਫੀਸਦੀ ਜੁਰਮਾਨੇ ਦੀ ਵਿਵਸਥਾ ਹੈ ਤੇ ਜੇ ਵਿਆਜ ਦੀ ਰਕਮ ਨੂੰ ਵੀ ਜੋੜ ਦਿੱਤਾ ਜਾਵੇ ਤਾਂ ਇਹ ਰਕਮ 2100 ਕਰੋੜ ਰੁਪਏ ਤੋਂ ਵੱਧ ਬਣ ਸਕਦੀ ਹੈ ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਸ ਵਸੂਲੀ ਵਿਚ ਪੰਜਾਬ ਸਰਕਾਰ ਦਾ ਕਰੀਬ 62 ਫੀਸਦੀ ਹਿੱਸਾ ਹੈ। ਕੇਂਦਰ ਸਰਕਾਰ ਜਦੋਂ ਵੀ ਇਹ ਪੈਸੇ ਵਸੂਲ ਕਰੇਗੀ ਤਾਂ ਇਸ ਦਾ 62 ਫੀਸਦੀ ਸ਼ੇਅਰ ਪੰਜਾਬ ਨੂੰ ਮਿਲੇਗਾ। ਇਸ ਲਈ ਆਸ ਹੈ ਕਿ ਪੰਜਾਬ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇਗੀ। ਬੀਤੀ 9 ਜਨਵਰੀ 2018 ਨੂੰ ਡਾਇਰੈਕਟਰ ਜਨਰਲ ਆਫ ਜੀ ਐੱਸ ਟੀ ਇੰਟੈਲੀਜੈਂਸ ਨੇ ਫਾਸਟਵੇਅ ਨੂੰ 303 ਕਰੋੜ ਰੁਪਏ ਦਾ ਸ਼ੋਅ ਕਾਜ਼ ਨੋਟਿਸ ਜਾਰੀ ਕੀਤਾ ਹੈ। ਫਾਸਟਵੇਅ ਦੇ



ਐੱਮ ਡੀ ਗੁਰਦੀਪ ਸਿੰਘ, ਚਾਰਟਰਡ ਅਕਾਊਂਟੈਂਟ ਰਾਜੇਸ਼ ਮਹਿਰੂ, ਸੀ ਈ ਓ ਪਿਊਸ਼ ਮਹਾਜਨ ਅਤੇ ਜੀ ਐੱਮ ਚਮਨ ਲਾਲ ਕਟਿਆਲ ਨੂੰ ਜਾਰੀ ਕਾਰਨ ਦੱਸੋ ਨੋਟਿਸ ਵਿਚ ਕਿਹਾ ਗਿਆ ਸੀ ਕਿ ਕਿਉਂ ਨਾ ਸਭ ਤੋਂ ਵਿਆਜ ਸਣੇ 303 ਕਰੋੜ ਰੁਪਏ ਦੀ ਰਿਕਵਰੀ ਕੀਤੀ ਜਾਵੇ ਤੇ ਜੁਰਮਾਨਾ ਲਾਇਆ ਜਾਵੇ। ਬੀਤੀ 23 ਮਾਰਚ 2018 ਨੂੰ ਡਾਇਰੈਕਟਰ ਜਨਰਲ ਆਫ ਜੀ ਐੱਸ ਟੀ ਇੰਟੈਲੀਜੈਂਸ ਨੇ ਹਾਥਵੇ ਸੁਖਅੰਮ੍ਰਿਤ ਕੇਬਲ ਐਂਡ ਡਾਟਕਾਮ ਪ੍ਰਾਈਵੇਟ ਲਿਮਟਿਡ ਨੂੰ ਵੀ 19 ਕਰੋੜ ਰੁਪਏ ਦੀ ਟੈਕਸ ਚੋਰੀ ਦੇ ਕੇਸ ਵਿਚ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਸ ਸੰਬੰਧ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇਹ ਨੋਟਿਸ ਸਿਰਫ ਪਿਛਲੇ 5 ਸਾਲਾਂ ਦੇ ਕੇਸਾਂ ਬਾਰੇ ਹਨ। ਇਹ ਇਸ ਲਈ ਹੈ ਕਿ ਟੈਕਸ ਨਿਯਮਾਂ ਮੁਤਾਬਕ ਸਿਰਫ 5 ਸਾਲ ਦੇ ਟੈਕਸ ਚੋਰੀ ਨਾਲ ਜੁੜੇ ਕੇਸਾਂ ਦੇ ਨੋਟਿਸ ਜਾਰੀ ਹੋ ਸਕਦੇ ਹਨ। ਇਹ ਸਭ ਕੁਝ ਜਾਣ-ਬੁੱਝ ਕੇ ਕੀਤਾ ਗਿਆ ਸੀ। ਜੇ 2008 ਤੋਂ 2013 ਦੀ ਟੈਕਸ ਚੋਰੀ ਦੇ ਕੇਸਾਂ ਲਈ ਵੀ ਕਾਰਵਾਈ ਹੋਵੇ ਤਾਂ ਕਿਤੇ ਵੱਧ ਹੋ ਸਕਦੀ ਸੀ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਸਾਲ 2017 ਦਾ ਸਿਰਫ਼ 2600 ਕਰੋੜ ਰੁਪਏ ਦੀ ਟੈਕਸ ਚੋਰੀ ਦਾ ਅਨੁਮਾਨ ਲਾਇਆ ਸੀ, ਪਰ ਇਹ ਇਸ ਤੋਂ ਵੀ ਵੱਧ ਹੋ ਗਿਆ ਹੈ।

ਕੈਬਨਿਟ ਮੰਤਰੀ ਸਿੱਧੂ ਦੇ ਮੁਤਾਬਿਕ ਲੋਕਲ ਕੇਬਲ ਆਪਰੇਟਰਸ ਨੂੰ ਵੀ ਟੈਕਸ ਚੋਰੀ ਲਈ 1500 ਤੋਂ ਜ਼ਿਆਦਾ ਕਾਰਨ ਦੱਸੋ ਨੋਟਿਸ ਜਾਰੀ ਹੋਏ ਹਨ। ਇਸ ਵਿੱਚ ਕਰੀਬ 336 ਕਰੋੜ ਰੁਪਏ ਟੈਕਸ ਚੋਰੀ ਨੂੰ ਵਿਆਜ ਤੇ ਜੁਰਮਾਨੇ ਨਾਲ ਵਸੂਲਣ ਦੀ ਗੱਲ ਕਹੀ ਗਈ ਹੈ। ਇਸ ਵਿਚ ਫਾਸਟਵੇਅ ਤੇ ਸੁਖਅੰਮ੍ਰਿਤ ਦੀਅ 11-12 ਬ੍ਰਾਂਚਾਂ ਦੀਆਂ ਕੰਪਨੀਆਂ ਨੂੰ 56 ਕਰੋੜ ਰੁਪਏ ਦੇ ਨੋਟਿਸ ਜਾਰੀ ਹੋਏ ਹਨ। ਸ਼ੋਅ ਕਾਜ਼ ਨੋਟਿਸ ਦਾ ਜੋੜ ਕਰੀਬ 714 ਕਰੋੜ ਰੁਪਏ ਹੈ। ਸਿੱਧੂ ਨੇ ਕਿਹਾ ਕਿ ਟੈਕਸ ਚੋਰੀ ਫਾਰਮੂਲਾ ਘੜਨ ਵਿੱਚ ਚਾਰਟਰਡ ਅਕਾਊਂਟੈਂਟ ਰਾਜੇਸ਼ ਮੇਹਰੂ ਦਾ ਵੱਡਾ ਹੱਥ ਸੀ। ਇਸ ਕੇਸ ਦਾ ਪਤਾ ਲੱਗਣ ਨਾਲ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਇੰਡੀਆ ਨੇ ਰਾਜੇਸ਼ ਮੇਹਰੂ ਨੂੰ ਪ੍ਰੋਫੈਸ਼ਨਲ ਮਿਸਕੰਡਕਟ ਦਾ ਨੋਟਿਸ ਭੇਜਿਆ ਹੈ, ਜਿਸ ਨੋਟਿਸ ਵਿਚ ਚਾਰਟਰਡ ਅਕਾਊਂਟੈਂਟ ਦਾ ਸਰਟੀਫਿਕੇਟ ਰੱਦ ਕਰਨ ਦੀ ਗੱਲ ਕਹੀ ਹੈ।

## ਕੈਪਟਨ ਦਾ ਦਾਅਵਾ: ਪੰਜਾਬ ਦੇ 2300 ਕਰੋੜ ਦੇ ਬਕਾਏ ਮੋੜਨ ਨੂੰ ਕੇਂਦਰ ਤਿਆਰ

ਨਵੀਂ ਦਿੱਲੀ, 4 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਅਨਾਜ ਦੀ ਖਰੀਦ ਤੇ ਟੈਕਸਾਂ ਦੇ ਰੂਪ ਵਿੱਚ ਬਣਦੇ 2300 ਕਰੋੜ ਰੁਪਏ ਦੇ ਬਕਾਏ ਪੰਜਾਬ ਨੂੰ ਦੇਣ ਲਈ ਤਿਆਰ ਹੈ। ਉਨ੍ਹਾਂ ਨੂੰ ਇਹ ਭਰੋਸਾ ਅੱਜ ਕੇਂਦਰੀ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨਾਲ ਕੀਤੀ ਮੀਟਿੰਗ ਵੇਲੇ ਦਿੱਤਾ ਗਿਆ। ਕੇਂਦਰੀ ਮੰਤਰੀ ਪਾਸਵਾਨ ਨੇ ਮੁੱਖ ਮੰਤਰੀ ਨੂੰ ਸਾਫ ਕਹਿ ਦਿੱਤਾ ਕਿ ਬਕਾਏ ਦੀ ਅਦਾਇਗੀ ਜਲਦੀ ਤਦੇ ਹੀ ਹੋ ਸਕੇਗੀ, ਜੇਕਰ ਦਾਅਵਿਆਂ ਨੂੰ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾਵੇਗਾ। ਪਤਾ ਲੱਗਾ ਹੈ ਕਿ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਦੇ ਬਾਕੀ ਬਿੱਲ ਕਲੀਅਰ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਨੇ ਪੰਜਾਬ ਵਿੱਚ ਝੋਨੇ ਦੀ ਖ਼ਰੀਦ ਦੇ ਇਸ ਸੀਜ਼ਨ ਲਈ ਨਕਦ ਹੱਦ ਕਰਜ਼ਾ (ਸੀ ਸੀ ਐਲ) ਜਾਰੀ ਕਰਵਾਉਣ ਲਈ ਪੈਂਡਿੰਗ ਮੁੱਦਿਆਂ ਦੇ ਸਮਾਂਬੱਧ ਹੱਲ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿੱਤਾ। ਉਨ੍ਹਾ ਨੇ ਕਣਕ ਉੱਤੇ ਖ਼ਰੀਦ ਸਟਾਕ ਅਤੇ ਆਈ ਡੀ ਸੈਸ ਦੇ 500 ਕਰੋੜ ਰੁਪਏ ਦੇ ਬਕਾਏ ਦਾ ਮੁੜ ਭੁਗਤਾਨ ਜਾਰੀ ਕਰਨ ਲਈ ਵੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿਵਾਇਆ।

## ਸਿੱਖ ਕਾਰਕੁਨਾਂ ਨੇ ਸੁਖਬੀਰ ਬਾਦਲ ਨੂੰ ਕਾਲੇ ਝੰਡੇ ਦਿਖਾਏ, ਜੁੱਤੀ ਸੁੱਟੀ



ਸੰਗਰੂਰ, 4 ਅਕਤੂਬਰ, (ਪੋਸਟ ਬਿਊਰੋ)- ਇਸ ਸ਼ਹਿਰ ਦੀ ਸਿੱਖ ਸੰਗਤ ਨੇ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਅਤੇ ਉਨ੍ਹਾ ਦੇ ਗੱਡੀਆਂ ਦੇ ਕਾਫ਼ਲੇ ਉਪਰ ਜੁੱਤੀ ਵੀ ਸੁੱਟੀ ਗਈ ਤੇ ਇੱਕ ਗੱਡੀ ਉਤੇ ਡਾਂਗ ਲੱਗੀ ਹੈ। ਸਿੱਖ ਕਾਰਕੁਨਾਂ ਨੂੰ ਰੋਕਣ ਮੌਕੇ ਪੁਲੀਸ ਦੀ ਉਨ੍ਹਾਂ ਨਾਲ ਝੜਪ ਵੀ ਹੋਈ।

ਅੱਜ ਸੁਖਬੀਰ ਸਿੰਘ ਬਾਦਲ ਦੀ ਫੇਰੀ ਦੌਰਾਨ ਕਰੀਬ ਚਾਰ ਘੰਟੇ ਤੱਕ ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਨੇੜੇ ਮਾਹੌਲ ਤਣਾਅ ਪੂਰਨ ਬਣਿਆ ਰਿਹਾ। ਛੋਟੇ ਬਾਦਲ ਅੱਜ ਇਥੇ ‘ਪਟਿਆਲਾ ਰੈਲੀ’ ਦੀ ਤਿਆਰੀ ਮੀਟਿੰਗ ਵਿੱਚ ਭਾਗ ਲੈਣ ਆਏ ਸਨ। ਉਨ੍ਹਾਂ ਦੇ ਪੁੱਜਣ ਤੋਂ ਪਹਿਲਾਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਕਰੀਬ ਛੇ ਦਰਜਨ ਕਾਰਕੁਨ ਕਾਲੀਆਂ ਝੰਡੀਆਂ ਲੈ ਕੇ ਗੁਰਦੁਆਰਾ ਨਾਨਕਿਆਣਾ ਸਾਹਿਬ ਨੇੜੇ ਆ ਗਏ, ਪਰ ਪੁਲੀਸ ਨੇ ਨਾਕੇਬੰਦੀ ਕਰਕੇ ਉਨ੍ਹਾਂ ਨੂੰ ਗੁਰਦੁ-ਆਰਾ ਸਾਹਿਬ ਕੰਪਲੈਕਸ ਵਿਚ ਨਹੀਂ ਜਾਣ ਦਿੱਤਾ। ਸਿੱਖ ਕਾਰਕੁਨਾਂ ਦੀ ਪੁਲੀਸ ਨਾਲ ਕੁਝ ਝੜਪ ਵੀ ਹੋਈ। ਫਿਰ ਗੁਰਦੁਆਰੇ ਨੂੰ ਜਾਂਦੀ ਸੜਕ ਦੇ ਕੰਢੇ ਸਿੱਖ ਕਾਰਕੁਨ ਕਾਲੀਆਂ ਝੰਡੀਆਂ ਲੈ ਕੇ ਖੜ੍ਹ ਗਏ ਤੇ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਨਾਅਰੇ ਲਾਉਂਦੇ ਰਹੇ। ਐਸ ਪੀ ਜਗਜੀਤ ਸਿੰਘ ਸਰੋਆ, ਡੀ ਐਸ ਪੀ ਸੱਤਪਾਲ ਸ਼ਰਮਾ ਅਤੇ ਕਈ ਥਾਣਾ ਮੁਖੀ ਓਥੇ ਮੌਜੂਦ ਸਨ।

ਕਰੀਬ ਪੌਣੇ ਚਾਰ ਵਜੇ ਸੁਖਬੀਰ ਸਿੰਘ ਬਾਦਲ ਦੀਆਂ ਗੱਡੀਆਂ ਦਾ ਕਾਫ਼ਲਾ ਗੁਰਦੁਆਰੇ ਜਾਣ ਲਈ ਲੰਘਿਆ ਤਾਂ ਸੜਕ ਕਿਨਾਰੇ ਖੜ੍ਹੀ ਸੰਗਤ ਕਾਲੀਆਂ ਝੰਡੀਆਂ ਲੈ ਕੇ ਕਾਫਲੇ ਵੱਲ ਵਧੀ ਤੇ ਉਨ੍ਹਾਂ ਵਿਚੋਂ ਨੇ ਕਿਸੇ ਨੇ ਉਸ ਦੀਆਂ ਗੱਡੀਆਂ ਦੇ ਕਾਫ਼ਲੇ ਉਪਰ ਜੁੱਤੀ ਸੁੱਟੀ, ਜੋ ਗੱਡੀ ਦੀ ਸਾਈਡ ’ਤੇ ਲੱਗੀ। ਕਾਫ਼ਲੇ ਦੀ ਇੱਕ ਗੱਡੀ ਉਤੇ ਝੰਡੇ ਵਾਲੀ ਸੋਟੀ ਵੀ ਲੱਗੀ ਹੈ। ਸੰਗਤ ਦੀ ਅਗਵਾਈ ਕਰਦੇ ਗੁਰਮਤਿ ਪ੍ਰਚਾਰ ਰਾਗੀ ਗ੍ਰੰਥੀ ਸਭਾ ਦੇ ਪ੍ਰਧਾਨ ਬਚਿੱਤਰ ਸਿੰਘ ਅਤੇ ਬਾਬਾ ਅਮਰਜੀਤ ਸਿੰਘ ਕਣਕਵਾਲ ਭੰਗੂਆਂ ਨੇ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ’ਚ ਗੋਲੀ ਕਾਂਡ ਲਈ ਜ਼ਿੰਮੇਵਾਰ ਹੈ, ਜਿਸ ਨੂੰ ਗੁਰਦੁਆਰੇ ਵਿਚ ਸਿਆਸੀ ਮੀਟਿੰਗ ਕਰਨ ਦਾ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਆਗੂ ਗੁਰਦੁਆਰੇ ਵਿਚ ਮੀਟਿੰਗਾਂ ਕਰ ਰਹੇ ਹਨ ਤੇ ਆਮ ਸਿੱਖ ਸੰਗਤ ਨੂੰ ਪੁਲੀਸ ਨੇ ਗੁਰੂ ਘਰ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ।

ਇਸ ਦੀ ਸੂਚਨਾ ਮਿਲਦੇ ਸਾਰ ਅਕਾਲੀ ਕਾਰਕੁਨ ਵੀ ਆ ਗਏ। ਪੁਲੀਸ ਨੇ ਸਿੱਖ ਕਾਰਕੁਨਾਂ ਨੂੰ ਨੇੜੇ ਕਾਰ ਸੇਵਾ ਦੇ ਡੇਰੇ ਵਿਚ ਬੰਦ ਕਰ ਦਿੱਤਾ ਅਤੇ ਫੋਰਸ ਤਾਇਨਾਤ ਕਰ ਦਿੱਤੀ। ਅਕਾਲੀ ਕਾਰਕੁਨ ਨਾਅਰੇਬਾਜ਼ੀ ਕਰਦੇ ਹੋਏ ਕਾਰ ਸੇਵਾ ਵਾਲੇ ਸਥਾਨ ਤੱਕ ਚਲੇ ਗਏ। ਦੋਵੇਂ ਧਿਰਾਂ ਨੇ ਇੱਕ ਦੂਜੇ ਬਾਰੇ ਨਾਅਰੇਬਾਜ਼ੀ ਕੀਤੀ। ਅਕਾਲੀ ਵਰਕਰਾਂ ਨੇ ਸੁਖਬੀਰ ਦੀਆਂ ਗੱਡੀਆਂ ਦਾ ਘੇਰਾ ਬਣਾ ਕੇ ਲੰਘਾਇਆ। ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ਲਈ ਜ਼ਿਲ੍ਹਾ ਪੁਲੀਸ ਮੁਖੀ ਸਣੇ ਸੰਗਰੂਰ ਪੁਲੀਸ ਨੂੰ ਜ਼ਿੰਮੇਵਾਰ ਕਿਹਾ ਹੈ। ਜ਼ਿਲ੍ਹਾ ਪੁਲੀਸ ਮੁਖੀ ਡਾ. ਸੰਦੀਪ ਗਰਗ ਨੇ ਕਿਹਾ ਕਿ ਪੁਲੀਸ ਨੇ ਪੱਕੇ ਸੁਰੱਖਿਆ ਪ੍ਰਬੰਧ ਕੀਤੇ ਸਨ। ਪੁਲੀਸ ਨੂੰ ਘਟਨਾ ਦੀ ਸ਼ਿਕਾਇਤ ਮਿਲ ਚੁੱਕੀ ਹੈ। ਸੀ ਸੀ ਟੀ ਵੀ ਫੁਟੇਜ ਚੈਕ ਕੀਤੇ ਜਾ ਰਹੇ ਹਨ। ਘਟਨਾ ਲਈ ਜੋ ਵੀ ਜ਼ਿੰਮੇਵਾਰ ਹੋਣਗੇ, ਉਨ੍ਹਾਂ ਖ਼ਿਲਾਫ ਕਾਨੂੰਨ ਅਨੁਸਾਰ ਕੇਸ ਦਰਜ ਕੀਤਾ ਜਾਵੇਗਾ।



# ਅਗਲੀਆਂ ਚੋਣਾਂ ਵਿੱਚ ਲੀਜ਼ਾ ਰਾਇਤ ਨਾਲ ਦਸਤਪੰਜਾ ਲੈਣ ਦੀ ਤਿਆਰੀ ਵਿੱਚ ਹੈ ਸਾਬਕਾ ਓਲੰਪੀਅਨ





ਓਨਟਾਰੀਓ, 4 ਅਕਤੂਬਰ (ਪੋਸਟ ਬਿਊਰੋ) : ਖੇਡਾਂ ਵਿੱਚ ਨਾਮਣਾ ਖੱਟਣ ਤੇ ਚਾਰ ਵਾਰੀ ਓਲੰਪਿਕਸ ਵਿੱਚ ਤਮਗੇ ਜਿੱਤਣ ਤੋਂ ਬਾਅਦ ਹੁਣ ਐਡਮ ਵੈਨ ਕੋਇਵਰਡਨ ਨੇ ਫੈਡਰਲ ਸਿਆਸਤ ਵਿੱਚ ਹੱਥ ਅਜ਼ਮਾਉਣ ਦਾ ਮਨ ਬਣਾਇਆ ਹੈ। ਐਡਮ ਕਯਾਕਿੰਗ ਵਿੱਚ ਕੈਨੇਡਾ ਦੇ ਝੰਡਾ ਬਰਦਾਰ ਰਹੇ ਹਨ।

ਵੀਰਵਾਰ ਨੂੰ ਆਪਣੇ ਇਸ ਫੈਸਲਾ ਦਾ ਐਲਾਨ ਕਰਦਿਆਂ ਐਡਮ ਨੇ ਆਖਿਆ ਕਿ ਅਗਲੀਆਂ ਚੋਣਾਂ ਵਿੱਚ ਉਹ ਓਨਟਾਰੀਓ ਦੇ ਮਿਲਟਨ ਹਲਕੇ ਤੋਂ ਫੈਡਰਲ ਲਿਬਰਲ ਪਾਰਟੀ ਦੀ ਉਮੀਦਵਾਰੀ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਵੀ ਆਪਣੇ ਅੰਦਰ ਉਹੀ ਲਿਬਰਲ ਕਦਰਾਂ ਕੀਮਤਾਂ ਮਹਿਸੂਸ ਕਰਦੇ ਹਨ ਜਿਹੜੀਆਂ ਬਹੁਤੇ ਕੈਨੇਡੀਅਨਾਂ ਨੂੰ ਅਜ਼ੀਜ਼ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਹ ਕਮਿਊਨਿਟੀ ਲਈ ਸਖਤ ਮਿਹਨਤ ਕਰਨਗੇ।

ਮਿਲਟਨ ਇਲੈਕਟੋਰਲ ਡਿਸਟ੍ਰਿਕਟ ਅਸਲ ਵਿੱਚ ਪ੍ਰੋਵਿੰਸ ਦਾ ਉਹ ਹਿੱਸਾ ਹੈ ਜਿਹੜਾ ਪਹਿਲਾਂ ਹਾਲਟਨ ਇਲੈਕਟੋਰਲ ਡਿਸਟ੍ਰਿਕਟ ਦਾ ਹਿੱਸਾ ਸੀ ਤੇ ਇਸ ਸਮੇਂ ਇਹ ਤਜਰਬੇਕਾਰ ਕੰਜ਼ਰਵੇਟਿਵ ਐਮਪੀ ਲੀਜ਼ਾ ਰਾਇਤ ਕੋਲ ਹੈ। ਜੇ ਐਡਮ ਇਹ ਨੌਮੀਨੇਸ਼ਨ ਹਾਸਲ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਨ੍ਹਾਂ ਦਾ ਸਿੱਧਾ ਮੁਕਾਬਲਾ ਲੰਮੇਂ ਸਮੇਂ ਤੋਂ ਸਿਆਸੀ ਪਿੜ ਵਿੱਚ ਸਰਗਰਮ ਲੀਜ਼ਾ ਰਾਇਤ ਨਾਲ ਹੋਵੇਗਾ। ਇਸ ਸਮੇਂ ਰਾਇਤ ਫੈਡਰਲ ਕੰਜ਼ਰਵੇਟਿਵਜ਼ ਲਈ ਡਿਪਟੀ ਲੀਡਰ ਵਜੋਂ ਸੇਵਾ ਨਿਭਾਅ ਰਹੀ ਹੈ। ਇਸ ਤੋਂ ਪਹਿਲਾਂ ਉਹ ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਕੈਬਨਿਟ ਦੀ ਵੀ ਅਹਿਮ ਮੈਂਬਰ ਸੀ। ਉਹ ਤਿੰਨ ਵਾਰੀ ਪਾਰਲੀਆਮੈਂਟ ਲਈ ਚੁਣੀ ਜਾ ਚੁੱਕੀ ਹੈ।

ਇਹ ਪੁੱਛੇ ਜਾਣ ਉੱਤੇ ਕਿ ਅਗਲੇ ਸਾਲ ਰਾਇਤ ਦੀ ਸੀਟ ਉਹ ਕਿਸ ਤਰ੍ਹਾਂ ਹਾਸਲ ਕਰ ਸਕਣਗੇ, ਐਡਮ ਨੇ ਆਖਿਆ ਕਿ ਉਹ ਸਖਤ ਮਿਹਨਤ ਦੇ ਸਿਰ ਉੱਤੇ ਜਿੱਤ ਹਾਸਲ ਕਰਨਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਚੁਣੌਤੀਆਂ ਪਸੰਦ ਹਨ। ਖੇਡਾਂ ਵਿੱਚ ਕਈ ਸਾਲਾਂ ਦੇ ਆਪਣੇ ਤਜਰਬੇ ਦੌਰਾਨ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਉਹ ਸਾਹਮਣਾ ਕਰਦੇ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਜਿਹੜਾ ਵੀ ਕੰਮ ਕਰਦੇ ਹਨ ਉਸ ਵਿੱਚ ਆਪਣੀ ਪੂਰੀ ਤਾਕਤ ਤੇ ਮਿਹਨਤ ਲਾਉਂਦੇ ਹਨ। ਉਨ੍ਹਾਂ ਪੂਰੇ ਵਿਸ਼ਵਾਸ ਨਾਲ ਆਖਿਆ ਕਿ ਜਿਹੜੀ ਲੜਾਈ ਜਿੱਤੀ ਨਹੀਂ ਜਾ ਸਕਦੀ ਉਹ ਉਸ ਵਿੱਚ ਦਾਖਲ ਹੀ ਨਹੀਂ ਹੁੰਦੇ।

# ਰਾਮ ਮੰਦਰ ਦੀ ਉਸਾਰੀ ਲਈ ਮਹੰਤ ਪਰਮਹੰਸ ਦਾਸ ਵੱਲੋਂ ਮਰਨ ਵਰਤ ਸ਼ੁਰੂ

ਨਵੀਂ ਦਿੱਲੀ, 4 ਅਕਤੂਬਰ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਮੰਦਰ ਉਸਾਰੀ ਦਾ ਅੰਦੋਲਨ ਫਿਰ ਸ਼ੁਰੂ ਹੋ ਗਿਆ ਹੈ। ਮਹੰਤ ਪਰਮਹੰਸ ਦਾਸ ਨੇ ਅੱਜ ਇਸ ਮੰਗ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਮੰਦਰ ਉਸਾਰੀ ’ਤੇ ਵਿਚਾਰ ਕਰਨ ਲਈ ਸਾਧੂ ਸੰਤਾਂ ਦੀ ਬੈਠਕ ਬੁਲਾ ਲਈ ਹੈ, ਜਿਸ ਵਿੱਚ ਮੰਦਰ ਅੰਦੋਲਨ ਦਾ ਵਿਸਥਾਰ ਕਰਨ ਦੀ ਰਾਜਨੀਤੀ ’ਤੇ ਚਰਚਾ ਹੋਵੇਗੀ। ਮਹੰਤ ਪਰਮਹੰਸ ਦਾਸ ਦਾ ਕਹਿਣਾ ਹੈ ਕਿ ਜਦੋਂ ਐਸ ਸੀ/ ਐਸ ਟੀ ਦਾ ਬਿੱਲ ਮੋਦੀ ਸਰਕਾਰ ਬਣਾ ਸਕਦੀ ਹੈ ਤਾਂ ਰਾਮ ਮੰਦਰ ਬਾਰੇ ਕਾਨੂੰਨ ਕਿਉਂ ਨਹੀਂ ਬਣਾ ਸਕਦੀ।





ਇਸ ਮੌਕੇ ਮਹੰਤ ਪਰਮਹੰਸ ਨੇ ਦੋਸ਼ ਲਾਇਆ ਹੈ ਕਿ ਮੋਦੀ ਦੇਸ਼ ਦੇ ਸਾਰੇ ਮੰਦਰਾਂ ਵਿੱਚ ਜਾ ਕੇ ਮੱਥਾ ਟੇਕਦੇ ਹਨ, ਪਰ ਰਾਮ-ਲੱਲਾ ਦੇ ਦਰਬਾਰ ਕੋਲ ਹਾਲੇ ਤੱਕ ਨਹੀਂ ਆਏ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਯੁੱਧਿਆ ਆ ਕੇ ਰਾਮ-ਲੱਲਾ ਦੇ ਦਰਸ਼ਨ ਕਰਨ, ਰਾਮ-ਲੱਲਾ ਦੀ ਪੀੜ ਸਮਝਣ ਤੇ ਮੰਦਰ ਬਣਾਉਣ ਦਾ ਆਦੇਸ਼ ਦੇਣ ਤਾਂ ਉਹ ਮਰਨ ਵਰਤ ਖਤਮ ਕਰ ਦੇਣਗੇ, ਨਹੀਂ ਤਾਂ ਆਖ਼ਰੀ ਸਾਹ ਤੱਕ ਵਰਤ ਚੱਲਦਾ ਰਹੇਗਾ।

ਕਈ ਹੋਰ ਸੰਤ ਵੀ ਇਸ ਦੌਰਾਨ ਮਹੰਤ ਪਰਮਹੰਸ ਦੇ ਸਮਰਥਨ ’ਚ ਆ ਗਏ ਹਨ। ਅੱਜ ਹੀ ਪਾਰਲੀਮੈਂਟ ਮੈਂਬਰ, ਵਿਧਾਇਕ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਪਰਮਹੰਸ ਨੂੰ ਮਨਾਉਣ ਪੁੱਜੇ ਤੇ ਉਨ੍ਹਾਂ ਦੀ ਮੰਗ ਨੂੰ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਤੱਕ ਪੁਚਾਉਣ ਦਾ ਭਰੋਸਾ ਦਿੱਤਾ, ਪਰ ਪਰਮਹੰਸ ਆਪਣੇ ਮੰਗ ’ਤੇ ਅੜੇ ਰਹੇ। ਉਨ੍ਹਾਂ ਕੋਲ ਆਏ ਵਿਧਾਇਕ ਵੇਦ ਗੁਪਤਾ ਦਾ ਕਹਿਣਾ ਹੈ ਕਿ ਰਾਮ ਮੰਦਰ ਅਯੁੱਧਿਆ ’ਚ ਬਣੇਗਾ, ਪਰ ਕੇਸ ਕੋਰਟ ਦੇ ਵਿਚਾਰ ਹੇਠ ਹੈ। ਇਸ ਲਈ ਫੈਸਲੇ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਸਾਬਕਾ ਪਾਰਲੀਮੈਂਟ ਮੈਂਬਰ ਰਾਮਵਿਲਾਸ ਦਾਸ ਵੇਦਾਂਤੀ ਨੇ ਕਿਹਾ ਕਿ ਮੈਨੂੰ ਵਿਸ਼ਵਾਸ ਹੈ ਕਿ 2019 ਤੋਂ ਸਾਬਕਾ ਰਾਮ ਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ।

# ਗਰੀਬੀ ਦੀ ਦੂਰੀ, ਹੈ ਜ਼ਰੂਰੀ



ਇੱਕ ਚੁਣੇ ਹੋਏ ਨੁਮਾਇੰਦੇ ਵਜੋਂ, ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਬਰੈਂਪਟਨ ਦੀ ਸੇਵਾ ਕਰਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ। ਮੈਂ ਜਾਣਦੀ ਹਾਂ ਕਿ ਜੋ ਘੱਟ-ਕਮਾਈ ਦੀ ਹਾਲਤ ਵਿੱਚ ਰਹਿੰਦੇ ਹਨ, ਉਹ ਬਹੁਤ ਹੀ ਘੱਟ ਮੌਕਿਆਂ ਤੇ ਮਹੱਤਵ ਪੂਰਨ ਗਤੀ-ਵਿਧੀਆਂ ਵਿੱਚ ਚੰਗੀ ਤਰ੍ਹਾਂ ਭਾਗ ਲੈ ਸਕਦੇ ਹਨ। ਅਸੀਂ ਸਾਰੇ ਹੀ ਕੰਮ ਅਤੇ ਵਿੱਦਿਆ ਆਦਿ ਦੀ ਪ੍ਰਾਪਤੀ ਯਕੀਨੀ ਬਣਾ ਲੈਣਾ ਚਾਹੁੰਦੇ ਹਾਂ। ਸਮੇਂ-ਸਮੇਂ ਕੀਤੀਆਂ ਗਈਆਂ ਖੋਜਾਂ ਦੱਸਦੀਆਂ ਹਨ ਕਿ ਜਿਨ੍ਹਾਂ ਦੀ ਆਮਦਨ ਲੋੜਾਂ ਤੋਂ ਘੱਟ ਹੁੰਦੀ ਹੈ ਬਹੁਤੀ ਦਫਾ ਉਨ੍ਹਾਂ ਦੀ ਸਿਹਤ ਖਰਾਬ ਹੀ ਰਹਿੰਦੀ ਹੈ। ਮੈਂ ਆਪਣੇ ਰਾਜਨੀਤਕ ਜੀਵਨ ਵਿੱਚ ਸਿਹਤ ਸਬੰਧੀ ਇਨ੍ਹਾਂ ਨਾਂਹ-ਪੱਖੀ ਨਤੀਜਿਆਂ ਨੂੰ ਬਦਲਣ ਲਈ ਕਾਫੀ ਯਤਨ ਕੀਤੇ ਹਨ।

ਇਸ ਸਾਲ ਦੇ ਆਰੰਭ ਵਿੱਚ ਬਰੈਂਪਟਨ ਟ੍ਰਾਂਜ਼ਿਟ ਨੇ, ਪੀਲ ਰਿਜਨ ਦੇ ‘ਅਫੋਰਡੇਬਲ ਟ੍ਰਾਂਜ਼ਿਟ ਪ੍ਰੋਗਰਾਮ’ ਵਿੱਚ ਭਾਗ ਲੈਣਾ

ਸ਼ੁਰੂ ਕੀਤਾ। ਇਹ ਇੱਕ, ਪੀਲ ਰਿਜਨ, ਬਰੈਂਪਟਨ ਸਿਟੀ ਅਤੇ ਮਿਸੀਸਾਗਾ ਸਿਟੀ ਵਿੱਚ ਸਾਂਝੀਵਾਲਤਾ ਦਾ ਪ੍ਰੋਗਰਾਮ ਹੈ। ਇਹ ਤਿੰਨੇ ਹੀ, ਯੋਗ ਬੇਨਤੀਕਾਰਾਂ ਨੂੰ ‘ਮੰਥਲੀ ਪਾਸ’ ਉੱਤੇ 50% ਛੋਟ ਦੀ ਪੇਸ਼ਕਸ਼ ਕਰਦੇ ਹਨ। ਜਿਹੜੇ ਵੀ ਬਰੈਂਪਟਨ ਨਿਵਾਸੀਆਂ ਦੀ ਕਮਾਈ, ਘੱਟ-ਕਮਾਈ ਦੇ ਮਾਪ ਤੋਂ ਥੱਲੇ ਹੈ, ਉਹ ਇਸ ਆਰਥਕ ਸਹਾਇਤਾ ਦੇ ਹੱਕਦਾਰ ਹਨ ਅਤੇ www[peelregion[ca/affordabletransit ਉੱਤੇ ਜਾਕੇ ਸਹਾਇਤਾ ਲਈ ਬੇਨਤੀ ਕਰ ਸਕਦੇ ਹਨ। ਬੇਨਤੀ ਪੱਤਰ ‘ਪਹਿਲਾਂ ਆਓ, ਪਹਿਲਾਂ ਪਾਓ’ ਦੇ ਨਿਯਮ ਅਨੁਸਾਰ ਸਵੀਕਾਰੇ ਜਾਂਦੇ ਹਨ।

ਮੈਂ ਇਸ ਕਮਾਲ ਦੇ ਪ੍ਰੋਗਰਾਮ, ‘ਹੈਮਰ ਹੈੱਡਜ’ ਬਾਰੇ ਸਭ ਤੋਂ ਪਹਿਲੋਂ ਉਦੋਂ ਸੁਣਿਆਂ ਜਦੋਂ ਕਿ ਮੈਂ ਸੂਬਾਈ ਸਰਕਾਰ ਵਿੱਚ ਲੇਬਰ ਮਨਿਸਟਰ ਵਜੋਂ ਸੇਵਾ ਨਿਭਾ ਰਹੀ ਸੀ। ਮੈਂ ਇੱਕ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਕੁੱਝ ਵਿਦਿਆਰਥੀਆਂ ਨਾਲ਼ ਗੱਲ-ਬਾਤ ਕੀਤੀ। ਮੈਨੂੰ ਅੱਜ ਵੀ ਯਾਦ ਹੈ ਕਿ ਮੈਂ ਇਨ੍ਹਾਂ ਨੂੰ ਮਿਲ਼ ਰਹੇ ਮੌਕਿਆਂ ਨੂੰ ਸੁਣਕੇ, ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿੱਚ ਸਹਾਇਤਾ ਕਰਨ ਦੇ ਰਸਤਿਆਂ ਨੂੰ ਲੱਭਣ ਲਈ ਮੇਰੇ ਵੱਲੋਂ ਕੀਤੇ ਗਏ ਯਤਨਾਂ ਨੂੰ ਵਿਚਾਰ ਕੇ, ਮੈਂ ਬੜੀ ਹੀ ਪ੍ਰਵਾਭਤ ਹੋਈ। ‘ਹੈਮਰ ਹੈੱਡਜ’ 12 ਹਫਤਿਆਂ ਦਾ ਆਪਣਾ ਹੁਨਰ ਵਿਕਾਸ ਕਰਨ ਦਾ ਇੱਕ ਵੱਡਾ ਅਤੇ ਵਧੀਆ ਪ੍ਰੋਗਰਾਮ ਹੈ। ਜਿਸ ਅੰਦਰ ਨੌਜੁਆਨਾਂ ਨੂੰ ਬਹੁਤ ਸਾਰੇ ਵੱਖੋ-ਵੱਖ ਉਸਾਰੀ ਦੇ ਵਪਾਰਕ ਕਿੱਤਿਆਂ ਦੇ ਹੁਨਰਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਜੋ ਅੱਗੇ ਇਨ੍ਹਾਂ ਕਿੱਤਿਆਂ ਵਿੱਚ ਲੰਮੇ ਸਮੇਂ ਦੀ ਸਫਲਤਾ ਪ੍ਰਾਪਤ ਕਰਨ ਲਈ ਸਹਾਇਕ ਹੁੰਦੇ ਹਨ।

ਇਸ ਪ੍ਰੋਗਰਾਮ ਲਈ ਬੇਨਤੀ ਕਰਨ ਵਾਲ਼ੇ ਇਸਤਰੀ ਜਾਂ ਮਰਦ ਦੀ ਉਮਰ 18 ਤੋਂ 26 ਸਾਲ ਦੇ ਵਿਚਕਾਰ ਹੋਣੀ ਚਾਹੀਦੀ

ਹੈ। ਉਹ ਗ੍ਰੇਟਰ ਟੋਰਾਂਟੋ ਏਰੀਏ ਦਾ ਵਸਨੀਕ ਹੋਣਾ ਚਾਹੀਦਾ ਹੈ। ਅਤੇ ਘੱਟ ਤੋਂ ਘੱਟ ਮੈਥ, ਅੰਗਰੇਜ਼ੀ ਤੇ ਸਾਇੰਸ ਨਾ਼ਲ ਗ੍ਰੇਡ 10 ਪਾਸ ਹੋਵੇ। ਇਸ ਪ੍ਰੋਗਰਾਮ ਵਿੱਚ ਸੇਫਟੀ ਟ੍ਰੇਨਿੰਗ, ਹੁਨਰ ਵਿੱਚ ਮੁਹਾਰਤ ਪ੍ਰਾਪਤ ਕਰਨੀ, ਸਲਾਹ ਦੇਣੀ ਤੇ ਰਾਹ-ਰਾਸਤੇ ਪਾਉਣਾ ਅਤੇ ਭਾਗ ਲੈਣ ਵਾਲ਼ਿਆਂ ਦਾ ਜੀਵਨ ਸਫਲਾ ਕਰਨ ਦੇ ਮਾਰਗਾਂ ਵੱਲ ਤੋਰਨ ਦੀ ਪ੍ਰਤੀਨਿਧਤਾ ਕਰਨਾ ਹੈ। ਬੇਨਤੀ ਪੱਤਰ ਪ੍ਰਾਪਤ ਕਰੋ: http: //hammerheadsprogram[com/wp-content/uploads/2018/05/Fall-2018-Application-Form[pdf ਬਰੈਂਪਟਨ ਵਿੱਚ, ਖਾਸ ਕਰਕੇ ਘੱਟੋ-ਘੱਟ-ਕਮਾਈ ਦੇ ਪੱਧਰ ਤੋਂ ਥੱਲੇ ਵਾਲ਼ੇ ਪਰਵਾਰਾਂ ਵਿੱਚ ਸੂਗਰ ਰੋਗ ਦੇ ਬਹੁਤੇ ਕੇਸ ਮਿਲ਼ਦੇ ਹਨ। ਇਸ ਲਈ ਮੇਰਾ ਯਕੀਨ ਹੈ ਕਿ ਸਿਹਤ ਦੀ ਸਾਂਭ-ਸੰਭਾਲ ਬਣਾਈ ਰੱਖਣ ਵਾਲ਼ੇ ਸਥਾਨਾਂ ਤੀਕਰ ਆਮ ਆਦਮੀ ਦੀ ਸੌਖੀ ਪਹੁੰਚ ਹੋਣੀ ਬਹੁਤ ਹੀ ਜ਼ਰੂਰੀ ਹੈ। ਮਿਉਂਸਪੈਲਿਟੀਆਂ ਟ੍ਰਾਂਜ਼ਿਟ ਵਧਾ ਕੇ, ਮਨੋਰੰਜਨ ਦੀਆਂ ਸੇਵਾਵਾਂ ਹੋਰ ਵੱਧ ਦੇ ਕੇ, ਸੁਰੱਖਿਅਤ ਪੈਦਲ ਰਸਤੇ ਅਤੇ ਪਾਰਕਾਂ ਤੇ ਉਨ੍ਹਾਂ ਵਿਚਲੀਆਂ ਸਹੂਲਤਾਂ ਵਧਾ ਕੇ ਸਰੀਰਕ ਗਤੀ-ਵਿਧੀਆਂ ਵਧਾਉਣ ਲਈ ਉਤਸ਼ਾਹਿਤ ਕਰਨ ਦਾ ਇਹ ਟੀਚਾ ਸੌਖਿਆਂ ਹੀ ਪ੍ਰਾਪਤ ਕਰ ਸਕਦੀਆਂ ਹਨ।

ਇਹ ਪਛਾਣਦਿਆਂ ਕਿ ਮਨੋਰੰਜਨ ਪ੍ਰੋਗਰਾਮਾਂ ਵਿੱਚ ਲੋੜੀਦਾ ਭਾਗ ਲੈਣ ਨਾ਼ਲ ਨਿਵਾਸੀਆਂ ਦੇ ਖਰਚੇ ਵਧ ਸਕਦੇ ਹਨ ਜਿਨ੍ਹਾਂ

ਨੂੰ ਕੁੱਝ ਪਰਵਾਰ ਸਹਿ ਨਹੀਂ ਸਕਦੇ, ਬਰੈਂਪਟਨ ਸਿਟੀ ਨੇ ‘ਐਕਟਿਵ-ਅਸਿਸਟ’ ਪ੍ਰੋਗਰਾਮ ਤਿਆਰ ਕੀਤਾ ਹੈ। ਇਹ ਇੱਕ ਫੀਸ ਘਟਾਉਣ ਦਾ ਯਤਨ ਹੈ ਜੋ ਮਨੋਰੰਜਨ ਵਿੱਚ ਭਾਗ ਲੈਣ ਵਾਲ਼ੇ ਤੇ ਘੱਟ-ਕਮਾਈ ਵਾਲ਼ੇ ਬਰੈਂਪਟਨ ਦੇ ਪਰਵਾਰਾਂ ਦੀ ਸਹਾਇਤਾ ਲਈ ਹੈ। ਇਸ ਦੀ ਜਾਣਕਾਰੀ ਨੂੰ ਸਦਾ ਗੁਪਤ ਰੱਖਿਆ ਜਾਂਦਾ ਹੈ। ਇਹ ਸਹਾਇਤਾ ਤੁਹਾਡੇ ਅਕਾਊਂਟ ਵਿੱਚ ਧਨ ਪਾਉਣ ਦੇ ਰੂਪ ਵੱਚ ਕੀਤੀ ਜਾਂਦੀ ਹੈ। ਇੱਕ ਵੇਰ ਤੁਹਾਡੇ ਵੱਲੋਂ ਬੇਨਤੀ-ਇੱਛਾ ਮਿਲ਼ ਗਈ ਅਤੇ ਮਨਜ਼ੂਰ ਹੋ ਗਈ, ਫਿਰ ਆਪਣੇ ਆਪ ਤੁਹਾਡੇ ਹਰ ਇੱਕ ਪਰਵਾਰਕ ਮੈਂਬਰ ਦੇ ਖਾਤੇ ਵਿੱਚ ਅੱਗੇ ਲਿਖੀ ਰਕਮ ਜੁੜਦੀ ਜਾਇਗੀ: $275 ਪ੍ਰਤੀ ਵਿਅਕਤੀ, 12 ਮਹੀਨਿਆਂ ਦੇ ਸਮੇਂ ਲਈ। ਮਨਜ਼ੂਰੀ ਪਿੱਛੋਂ ਤੁਸੀਂ ਦੋ ਸਾਲ ਲਈ ਇਸ ਦੇ ਹੱਕਦਾਰ ਬਣ ਜਾਂਦੇ ਹੋ। ਹੋਰ ਜਾਨਣ ਲਈ ਸਿਟੀ ਨਾ਼ਲ ਸੰਪਰਕ ਕਰੋ: activeassist@brampton.ca

ਜਦੋਂ ਆਰਥਕ ਤੰਗੀ ਹੋਵੇ ਤਾਂ ਦੰਦਾਂ ਦੇ ਡਾਕਟਰ ਕੋ਼ਲ ਵੀ ਨਹੀਂ ਜਾ ਹੁੰਦਾ – ਪਰ ਦੰਦਾਂ ਦੀ ਸੰਭਾ਼ਲ ਸਮੁੱਚੇ ਸਰੀਰ ਦੀ ਸਾਂਭ-ਸੰਭਾਲ ਵਿੱਚ ਭਾਰੀ ਯੋਗਦਾਨ ਪਾਉਂਦੀ ਹੈ। ਦੰਦਾਂ ਦੀ ਸੰਭਾ਼ਲ ਬਹੁਤ ਮਹਿੰਗੀ ਹੋ ਸਕਦੀ ਹੈ ਅਤੇ ਸਾਰੇ ਸੀਨੀਅਰ ਇਹ ਖਰਚਾ ਨਹੀਂ ਝੱਲ ਸਕਦੇ। ਜਿਨ੍ਹਾਂ ਸੀਨੀਅਰਾਂ ਕੋ਼ਲ ਦੰਦਾਂ ਦੀ ਇਨਸ਼ਿਉਰੈਂਸ ਨਹੀਂ ਹੈ ਅਤੇ ਉਹ ਦੰਦਾਂ ਦੀ ਸੰਭਾਲ਼ ਦਾ ਖਰਚ ਨਹੀਂ ਸਹਾਰ ਸਕਦੇ ਓਨ੍ਹਾਂ ਲਈ ‘ਰਿਜਨ ਆਫ ਪੀਲ ਸੀਨੀਅਰਜ਼ ਡੈਂਟਲ ਪ੍ਰੋਗਰਾਮ’ ਬਣਾਇਆ ਗਿਆ ਹੈ। ਜਿਹੜੇ ਸੀਨੀਅਰ ਘੱਟ-ਕਮਾਈ ਵਾ਼ਲੇ ਸਵੀਕਾਰੇ ਜਾਂਦੇ ਹਨ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਦੰਦਾਂ ਦੀਆਂ ਸਾਰੀਆਂ ਮੁਢਲੀਆਂ ਸੇਵਾਵਾਂ ਦਿੱਤੀ ਜਾਂਦੀਆਂ ਹਨ ਜਿਵੇਂ ਕਿ ਸਫਾਈ (ਕਲੀਨਿੰਗ) ਭਰਾਈ ਅਤੇ ਦੰਦ-ਬੀੜ ਲਗਵਾਉਣ ਦੀ ਸੇਵਾ। ਪੀਲ ਰਿਜਨ ਸੀਨੀਅਰਾਂ ਨੂੰ ਉਡੀਕ-ਸੂਚੀ ਵਿੱਚ ਰੱਖ ਰਿਹਾ ਹੈ। ਇਸ ਵੇ਼ਲੇ ਮਨਜ਼ੂਰੀ ਪ੍ਰਾਪਤ ਕਰਨ ਲਈ 3-4 ਮਹੀਨੇ ਲੱਗ ਜਾਂਦੇ ਹਨ। ਆਪਣਾ ਨਾਮ ਉਡੀਕ-ਸੂਚੀ ਵਿੱਚ ਲਿਖਵਾਉਣ ਲਈ 905-799-7700 ਉੱਤੇ ਫੋਨ ਕਰੋ। ਸੀਨੀਅਰਾਂ ਨੂੰ ਪਹਿਲੋਂ ਇਸੇ ਨੰਬਰ ਉੱਤੇ ਪਤਾ ਕਰ ਲੈਣਾ ਚਾਹੀਦਾ ਹੈ ਕਿ ਕੀ ਉਹ ਦੰਦਾਂ ਦੀ ਇਸ ਸੇਵਾ ਵਾਸਤੇ ਯੋਗ ਹਨ।

ਸਿੱਟੇ ਵਜੋਂ, ਮੈਂ ਸਮਝਦੀ ਹਾਂ ਕਿ ਪੀਲ ਦੇ ਲੋਕਾਂ ਦੀ ਸਿਹਤ ਉੱਤੇ ਘਰਾਂ ਦੀ ਅਸਰੁੱਖਿਅਤਾ ਅਤੇ ਬੇਘਰਾਪਣ ਗੌਲਣਯੋਗ ਬੁਰਾ ਅਸਰ ਪਾਉਂਦਾ ਹੈ। ਸੁਰੱਖਿਅਤ ਅਤੇ ਆਪਣੀ ਹਿੰਮਤ ਅਨੁਸਾਰ ਘਰ ਦੀ ਹੋਂਦ ਵਸਨੀਕਾਂ ਦੀ ਚੰਗੀ ਸਿਹਤ ਦਾ ਆਧਾਰ ਹੈ। ਪੀਲ ਵਿੱਚ ਅਜੇਹੇ ਘਰਾਂ ਦੀ ਪੂਰਤੀ ਦੀ ਘਾਟ ਸਾਡੇ ਲਈ ਗੰਭੀਰ ਵੰਗਾਰ ਹੈ – ਸਾਡੀ ਉਡੀਕ ਸੂਚੀ ਨਾਂਹ ਮੰਨਣਯੋਗ ਹੱਦ ਤੀਕਰ ਲੰਮੀ ਹੈ। ਮੇਰਾ ਇਹ ਪੱਕਾ ਨਿਸ਼ਚਾ ਹੈ ਕਿ ਆਉਂਦੀ ਟਰਮ ਵਿੱਚ ਉਡੀਕ ਸਮੇਂ ਨੂੰ ਛੋਟਾ ਕਰਨਾ ਹੈ ਅਤੇ ਮੰਗ-ਪੂਰਤੀ ਦੇ ਫਰਕ ਘਟਾਉਣ ਲਈ ਨਵਿ ਉਸਾਰੀ ਦੇ ਸਾਰਥਕ ਯਤਨ ਕਰਨੇ ਹਨ। ਸਾਡੀ ਫੈਡਰਲ ਸਰਕਾਰ ਨੇ ਇਸ ਪਾਸੇ ਅਗਵਾਈ ਕਰਨ ਦੀ ਪਰਬਲ ਇੱਛਾ ਦਰਸਾਈ ਹੈ। ਮੈਂ ਨਵੇਂ ਘਰ ਬਨਾਉਣ ਅਤੇ ਪਹਿਲੋਂ ਦੇ ਘਰਾਂ ਦੀ ਲੋੜੀਂਦੀ ਮੁਰੰਮਤ ਕਰਨ ਲਈ ਫੰਡ ਪਰਾਪਤੀ ਵਾਸਤੇ ਪੂਰੇ ਯਤਨ ਕਰਾਂਗੀ। ਗਰੀਬੀ ਕਿਸੇ ਇੱਕ ਕਾਰਨ ਕਰਕੇ ਨਹੀਂ ਵਾਪਰਦੀ। ਇੱਕ ਸੋਚ, ਜਿਸ ਨੇ ਮੇਰੀ ਰਾਤਾਂ ਦੀ ਨੀਂਦ ਉਡਾ ਰੱਖੀ ਹੈ, ਸਾਡੀ ਚੱਲ ਰਹੀ ‘ਫੂਡ ਬੈਂਕ’ ਦੀ ਲੋੜ ਹੈ। ਮੇਰਾ ਸੁਪਨਾ ਹੈ ਕਿ ਇਹੋ ਜਿਹਾ ਸਮਾਂ ਵੀ ਛੇਤੀ ਹੀ ਆ ਜਾਵੇ ਕਿ ਸਾਨੂੰ ਫੂਡ ਬੈਂਕ ਅਤੇ ਠੰਡ ਸਬੰਧੀ ਚਲਦੇ ਪ੍ਰੋਗਰਾਮਾਂ ਦੀ ਲੋੜ ਹੀ ਨਾ ਰਹੇ। ਪਰ ਉਹ ਸੁਭਾਗਾ ਦਿਨ ਆਉਣ ਤੀਕਰ ਮੈਂ ਆਪਣੇ ਅਥੱਕ ਯਤਨ ਕਰਦੀ ਰਹਾਂਗੀ। ਤਾਂ ਕਿ ਇੱਕ ਮਜਬੂਤ ਆਰਥਕ ਆਧਾਰ ਬਣਾ ਸਕਾਂ ਜਿਸ ਕਰਕੇ ਲੋਕ

ਇਨ੍ਹਾਂ ਮੁਥਾਜਾਂ ਤੋਂ ਮੁਕਤ ਹੋ ਕੇ ਆਪਣਾ ਧਿਆਨ ਆਪਣੀਆਂ ਹੋਰ ਮੁਢਲੀਆਂ ਲੋੜਾਂ ਪੂਰੀਆਂ ਕਰਨ ਵੱਲ ਲਾ ਸਕਣ। ਅਤੇ ਆਪਣੇ ਸਾਧਨਾਂ ਤੇ ਸਮਰੱਥਾ ਦਾ ਇਤਨਾ ਵਿਕਾਸ ਕਰ ਲੈਣ ਕਿ ਉਹ ਗਰੀਬੀ ਦੀ ਲ੍ਹਾਣਤ ਤੋਂ ਪਿੱਛਾ ਛੁਡਾ ਕੇ ਸ੍ਵੈ-ਨਿਰਭਰਤਾ ਦੇ ਮਾਣ ਭਰੇ ਵਾਤਾਵਰਨ ਵਿੱਚ ਸਾਹ ਲੈ ਸਕਣ। ਅੱਜ ਦਾ ਹਰ ਸੁਪਨਾ ਕੱਲ੍ਹ ਨੂੰ ਸੱਚਾ ਹੋ ਸਕਦਾ ਹੈ – ਲੋੜ ਹੈ ਕੇਵਲ ਸੂਝਵਾਨ, ਜਵਾਬਦੇਹ, ਭਵਿੱਖਮੁਖੀ, ਪਾਰਦਰਸ਼ੀ, ਪਰਸੁਆਰਥੀ ਅਤੇ ਉੱਦਮੀ ਲੀਡਰਾਂ ਦੀ ਚੋਣ ਕਰਨ ਦੀ।

**Paramjit Deol** Broker

**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated

Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today


**BRAMPTON $89,000**
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

**HAMILTON $25/Sq Ft.**

135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

**BRAMPTON $2,500**


85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $54,900**

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।


**BRAMPTON $249,000**
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

**PICKERING $59,000**


1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

**BRAMPTON $541,800**

Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

**AJAX $169,900**
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।


**KITCHENER $369,999**

Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

**TORONTO $508,775**

Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

**BRAMPTON $629,000**

60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

**TORONTO $825,000**

Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

**BRAMPTON $179,000**
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੂਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੂਰੂ ਕਰੋ ।

**TORONTO $944,000**

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

**BRAMPTON $849,000**

Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੇਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

**CALEDON $1,009,999**

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

**For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ**




- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us


- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਜੇ ਬਰੈਂਪਟਨ ਖਤਰੇ ਵਿੱਚ ਹੈ ਤਾਂ ਹੱਲ ਲਈ ਕੌਣ ਖੜ੍ਹਾ ਹੈ - ਭਾਗ 4




Peel Police



Brampton Transit concept

...ਪੰਨਾ 1 ਦਾ ਬਾਕੀ

ਇੱਕ ਟਰਾਂਜ਼ਿਟ ਦਾ ਮਾਮਲਾ ਹੈ ਜਿਸ ਬਾਰੇ ਕਦੇ ਵਿਸਥਾਰ ਨਾਲ ਗੱਲ ਕੀਤੀ ਜਾ ਸਕਦੀ ਹੈ। 2040 ਵਿਜ਼ਨ ਵਿੱਚ ਸ਼ਹਿਰ ਦੇ ਲੱਗਭੱਗ ਇੱਕ ਚੌਥਾਈ ਹਿੱਸੇ ਲਈ ਟਰਾਂਜ਼ਿਟ ਦੀ ਕੋਈ ਯੋਜਨਾ ਹੀ ਤਜਵੀਜ਼ ਨਹੀਂ ਕੀਤੀ ਗਈ। ਇਸ ਬਾਰੇ ਅਸੀਂ ਆਰਟੀਕਲ ਦੇ ਅਖੀਰ ਵਿੱਚ ਥੋੜਾ ਜ਼ਿਕਰ ਕਰਾਂਗੇ ਕਿਉਂਕਿ ਕਮਿਉਨਿਟੀ ਸੇਫਟੀ ਦਾ ਮੁੱਦਾ ਵੀ ਟਰਾਂਜ਼ਿਟ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ।

ਸੱਭ ਤੋਂ ਪਹਿਲਾਂ ਕੁੱਝ ਤੱਥਾਂ ਉੱਤੇ ਝਾਤੀ ਮਾਰਦੇ ਹਾਂ। ਸਾਲ 2018 ਵਿੱਚ ਹੁਣ ਤੱਕ ਬਰੈਂਪਟਨ ਅਤੇ ਮਿਸੀਸਾਗਾ ਵਿੱਚ 21 ਕਤਲ ਹੋ ਚੁੱਕੇ ਹਨ ਹਾਲੇ ਇਸ ਸਾਲ ਦੇ ਤਿੰਨ ਮਹੀਨੇ ਬਾਕੀ ਹਨ ਜਿਹਨਾਂ ਵਿੱਚੋਂ 13 ਕਤਲਾਂ ਦਾ ਹਿੱਸਾ ਬਰੈਂਪਟਨ ਦੇ ਸਿਰ ਜਾਂਦਾ ਹੈ। ਹਿੰਸਾ ਵਿੱਚ ਮਰਨ ਵਾਲੀਆਂ ਛੇ ਔਰਤਾਂ ਵਿੱਚੋਂ 2 ਔਰਤਾਂ ਪੰਜਾਬੀ ਮੂਲ ਦੀਆਂ ਸਨ। ਬਲਜੀਤ ਕੌਰ ਥਾਂਦੀ ਅਤੇ ਉਸਦੀ ਮਾਤਾ ਅਵਤਾਰ ਕੌਰ ਨੂੰ ਬਲਜੀਤ ਦੇ ਪਤੀ ਦਲਵਿੰਦਰ ਸਿੰਘ ਥਾਂਦੀ ਨੇ ਆਪਣੇ ਘਰ ਵਿੱਚ ਸਾਲ ਦੇ ਆਰੰਭ (ਜਨਵਰੀ) ਵਿੱਚ ਮਾਰ ਦਿੱਤਾ ਸੀ। 21 ਸਾਲਾ ਪੱਵਿਤਰ ਸਿੰਘ ਬਾਸੀ ਨੂੰ ਸੈਂਡਲਵੁੱਡ ਹਾਈਟਸ ਸਕੂਲ ਦੇ ਅਹਾਤੇ ਵਿੱਚ ਕਈ ਬੰਦਿਆਂ ਨੇ ਮਾਰ ਕੁੱਟ ਕਰਕੇ ਜਾਨੋਂ ਖਤਮ ਕਰ ਦਿੱਤਾ ਸੀ। ਪਲਵਿੰਦਰ ਸਿੰਘ ਉਮਰ 27 ਸਾਲ ਨੂੰ ਚਾਰ ਨਾਬਾਲਗ ਬੱਚਿਆਂ ਦੇ ਗੁੱਟ ਵੱਲੋਂ ਉਸਦੇ ਘਰ ਦੀਆਂ ਬਰੂਹਾਂ ਉੱਤੇ ਗੋਲੀਆਂ ਨਾਲ ਮਾਰ ਮੁਕਾਇਆ ਗਿਆ। 73 ਸਾਲਾ ਅਮਰਜੀਤ ਭਟਨਾਗਰ ਨੂੰ ਪਾਰਕ ਵਿੱਚ ਐਨਾ ਕੁੱਟਿਆ ਮਾਰਿਆ ਗਿਆ ਕਿ ਹਸਪਤਾਲ ਜਾ ਕੇ ਉਸਦੀ ਮੌਤ ਹੋ ਗਈ।

ਮਿਉਂਸੀਪਲ ਚੋਣਾਂ ਲੜ ਰਹੇ ਸਾਰੇ ਉਮੀਦਵਾਰ ਜੁਰਮ ਘੱਟ ਕਰਨ ਲਈ ਪੁਲੀਸ ਨਫ਼ਰੀ ਵਧਾਉਣ ਦੀ ਗੱਲ ਕਰਦੇ ਹਨ। ਸੋਚਿਆ ਜਾਵੇ ਤਾਂ ਉੱਪਰ ਦਿੱਤੇ ਗਏ ਕਤਲਾਂ ਨੂੰ ਰੋਕਣ ਲਈ ਵਧੀ ਹੋਈ ਪੁਲੀਸ ਦੀ ਨਫ਼ਰੀ ਕਿੰਨੀ ਕੁ ਕਾਰਗਰ ਹੋ ਸਕਦੀ ਸੀ? ਪੁਲੀਸ ਦੀ ਮੌਜੂਦਗੀ ਸੜਕਾਂ ਗਲੀਆਂ ਉੱਤੇ ਭੈਅ ਦਾ ਮਾਹੌਲ ਪੈਦਾ ਕਰ ਸਕਦੀ ਹੈ ਜਿਸਦਾ ਆਪਣਾ ਇੱਕ ਰੋਲ ਹੁੰਦਾ ਹੈ ਪਰ ਜੁਰਮ ਦੇ ਮੂਲ ਮੁੱਦੇ ਨੂੰ ਖਤਮ ਕਰਨ ਲਈ ਵੱਖਰੀ ਪਹੁੰਚ ਦੀ ਲੋੜ ਹੈ ਜਿਸ ਬਾਰੇ ਜ਼ਿਆਦਾਤਰ ਉਮੀਦਵਾਰ ਗੱਲ ਤੱਕ ਨਹੀਂ ਕਰ ਰਹੇ।

ਪੀਲ ਪੁਲੀਸ ਕੋਲ ਇਸ ਵਕਤ 2036 ਵਰਦੀਧਾਰੀ ਅਤੇ 847 ਸਿਵਲੀਅਨ ਅਫਸਰ ਹਨ ਜਿਹਨਾਂ ਨੇ ਪਿਛਲੇ ਸਾਲ 789 ਗੱਡੀਆਂ ਵਰਤਦੇ ਹੋਏ ਮਿਸੀਸਾਗਾ ਅਤੇ ਬਰੈਂਪਟਨ ਵਿੱਚ ਹਿੰਸਾ ਅਤੇ ਜੁਰਮ ਨੂੰ ਘੱਟ ਕਰਨ ਲਈ 1 ਕਰੋੜ 50 ਲੱਖ (15 ਮਿਲੀਅਨ) ਕਿਲੋਮੀਟਰ ਗੱਡੀਆਂ ਭਜਾਈਆਂ। 429 ਪਿਸਤੌਲ ਅਤੇ ਹੋਰ ਹਥਿਆਰ ਫੜੇ ਅਤੇ 15000 ਲੋਕਾਂ ਨੂੰ ਵੱਖ ਵੱਖ ਜੁਰਮਾਂ ਲਈ ਚਾਰਜ ਕੀਤਾ। ਚਾਰਜ ਕੀਤੇ ਗਏ ਕੁੱਲ ਵਿਅਕਤੀਆਂ ਦਾ 12% ਹਿੱਸਾ 12 ਸਾਲਾਂ ਤੋਂ 17 ਸਾਲਾਂ ਦੇ ਦਰਮਿਆਨ ਦੇ ਯੂਥ ਸਨ। ਇਹ ਗਿਣਤੀ 1800 ਬਣਦੀ ਹੈ। ਯੂਥ ਨੂੰ ਐਨੀ ਵੱਡੀ ਗਿਣਤੀ ਵਿੱਚ ਚਾਰਜ ਕੀਤਾ ਜਾਣਾ ਦੱਸਦਾ ਹੈ ਕਿ ਲੋੜ ਪੁਲੀਸ ਨਫ਼ਰੀ ਵਧਾਉਣ ਦੀ ਨਹੀਂ ਸਗੋਂ ਜੁਰਮ ਨੂੰ ਪੈਦਾ ਕਰਨ ਤੋਂ ਰੋਕਣ ਲਈ ਠੋਸ ਕਦਮ ਚੁੱਕੇ ਜਾਣ ਦੀ ਹੈ।

ਪੁਲੀਸ ਦੀ ਨਫ਼ਰੀ ਵਧਾਉਣ ਦਾ ਇੱਕ ਅਰਥ ਹੋਵੇਗਾ ਕਿ 391 ਮਿਲੀਅਨ ਡਾਲਰ ਸਾਲਾਨਾ ਬੱਜਟ ਵਾਲੀ ਪੀਲ ਪੁਲੀਸ ਨੂੰ ਹੋਰ ਡਾਲਰਾਂ ਦੀ ਲੋੜ। ਕੋਈ ਉਮੀਦਵਾਰ ਨਹੀਂ ਦੱਸ ਰਿਹਾ ਕਿ ਕਮਿਉਨਿਟੀ ਸੇਫਟੀ ਮੁਫਤ ਵਿੱਚ ਨਹੀਂ ਸਗੋਂ ਤੁਹਾਨੂੰ ਟੈਕਸ ਦੇ ਡਾਲਰਾਂ ਰਾਹੀਂ ਮਹਿੰਗੇ ਭਾਅ ਖਰੀਦਣੀ ਹੋਵੇਗੀ। ਇਹਨਾਂ ਧੰਨਤਰਾਂ ਦੀ ਯੋਜਨਾ ਫੇਰ ਵੀ ਕੰਮ ਕਰੇਗੀ ਜਾਂ ਨਹੀਂ, ਉਸਦਾ ਕਿਸੇ ਨੂੰ ਕੋਈ ਪਤਾ ਨਹੀਂ।

ਘਰੇਲੂ ਹਿੰਸਾ ਨੂੰ ਜਾਂ ਨਸਲੀ ਹਿੰਸਾ ਵਰਗੇ ਮਸਲਿਆਂ ਨੂੰ ਪੁਲੀਸ ਨਫ਼ਰੀ ਵਧਾ ਕੇ ਹੱਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਘਟਨਾਵਾਂ ਲੋਕਾਂ ਦੇ ਪਰਿਵਾਰਾਂ, ਬੈੱਡ ਰੂਮਾਂ ਜਾਂ ਦਫ਼ਤਰਾਂ, ਕੰਮਕਾਜ ਦੇ ਥਾਵਾਂ ਉੱਤੇ ਵਾਪਰਦੀਆਂ ਹਨ। ਇਹਨਾਂ ਥਾਵਾਂ ਉੱਤੇ ਕਮਿਉਨਿਟੀ ਮੈਂਬਰਾਂ ਨੂੰ ਸੁਰੱਖਿਅਤ ਮਹਿਸੂਸ ਕਰਵਾਉਣ ਲਈ ਲੋਕਾਂ ਵਿੱਚ ਕਨੂੰਨ ਦੇ ਡੰਡੇ ਦਾ ਡਰ ਹੋਣਾ ਲਾਜ਼ਮੀ ਹੈ। ਬਰੈਂਪਟਨ ਨੂੰ ਬਾਕੀ ਕੈਨੇਡਾ ਵਾਗੂੰ ਲੋੜ ਹੈ ਉਹਨਾਂ ਕਨੂੰਨਾਂ ਦੀ ਜਿਹਨਾਂ ਨਾਲ ਮੁਜਰਮ ਨੂੰ ਡਰ ਰਹੇ ਕਿ ਉਸ ਵੱਲੋਂ ਕੀਤੇ ਅਪਰਾਧ ਦੇ ਸਿੱਟੇ ਮਾਰੂ ਹੋ ਸਕਦੇ ਹਨ। ਇਸਤੋਂ ਇਲਾਵਾ ਜੁਰਮ ਪੈਦਾ ਹੋਣ ਦੇ ਕਾਰਣਾਂ ਦੀ ਥਾਹ ਲਾਉਣ ਦੀ ਲੋੜ ਹੋਵੇਗੀ ਜਿਸ ਵਿੱਚ ਗਰੀਬੀ ਦੂਰ ਕਰਨਾ, ਰੁਜ਼ਗਾਰ ਦੇ ਅਵਸਰ ਪੈਦਾ ਕਰਨਾ, ਵਿੱਦਿਆ ਨੂੰ ਕਮਿਉਨਿਟੀ ਪਹਿਲ ਦਾ ਰੁਤਬਾ ਦੇਣਾ, ਭਾਈਚਾਰਿਆਂ ਵਿੱਚ ਆਪਸੀ ਸਾਂਝ ਪੈਦਾ ਕਰਨ ਦੇ ਉੱਦਮਾਂ ਨੂੰ ਹੱਲਾਸ਼ੇਰੀ ਦੇਣਾ ਆਦਿ ਸ਼ਾਮਲ ਹਨ।

ਸਾਡੇ ਲੀਡਰਾਂ ਦੀ ਦੂਰਦ੍ਰਿਸ਼ਟੀ ਦੇ ਸਦਕੇ ਜਾਣ ਨੂੰ ਜੀਅ ਕਰਦਾ ਹੈ ਕਿ ਕਮਿਉਨਿਟੀ ਸੇਫਟੀ ਨੂੰ ਲੈ ਕੇ ਉੱਠ ਰਹੀਆਂ ਗੱਲਾਂ ਅਤੇ ਮੁੱਦਿਆਂ ਦਾ ਬਰੈਂਪਟਨ 2040 ਵਿਜ਼ਨ ਦਸਤਾਵੇਜ਼ ਵਿੱਚ ਜ਼ਿਕਰ ਤੱਕ ਨਹੀਂ ਹੈ। ਆਮ ਵੋਟਰ ਸੁਆਲ ਕਰ ਸਕਦਾ ਹੈ ਕਿ ਚੋਣਾਂ ਵੇਲੇ ਉਮੀਦਵਾਰਾਂ ਨੂੰ ਅਚਾਨਕ ਕਮਿਉਨਿਟੀ ਸੇਫਟੀ ਦਾ ਹੇਜ ਕਿਉਂ ਜਾਗ ਪਿਆ? ਕੀ ਉਹ ਲੋਕਾਂ ਨੂੰ ਉੱਲੂ ਬਣਾ ਰਹੇ ਹਨ ਜਾਂ ਲੋਕ ਉੱਲੂ ਹੀ ਹਨ ਅਤੇ ਇਹਨਾਂ ਉਮੀਦਾਵਾਰਾਂ ਨੂੰ ਕਿਸੇ ਨੂੰ ਕੁੱਝ ਬਣਾਉਣ ਦੀ ਲੋੜ ਹੀ ਨਹੀਂ ਪੈ ਰਹੀ?

ਜਿਵੇਂ ਆਰਟੀਕਲ ਦੇ ਆਰੰਭ ਵਿੱਚ ਲਿਖਿਆ ਗਿਆ ਹੈ, ਬਰੈਂਪਟਨ 2040 ਵਿਜ਼ਨ ਵਿੱਚ ਟਰਾਂਜ਼ਿਟ ਦੀ ਖੂਬ ਚਰਚਾ ਹੈ। ਦੋ ਕਿਸਮ ਦੇ ਟਰਾਂਜ਼ਿਟ ਸਿਸਟਮਾਂ ਰੇਪਿਡ ਟਰਾਂਜ਼ਿਟ ਅਤੇ ਜ਼ੂਮ ਉੱਤੇ ਵਧੇਰੇ ਜੋਰ ਦਿੱਤਾ ਗਿਆ ਹੈ ਜ਼ੂਮ ਅਤੇ ਰੇਪਿਡ ਟਰਾਂਜ਼ਿਟ। ਜ਼ੂਮ ਮਿਸੀਸਾਗਾ ਰੋਡ ਤੋਂ ਬੋਵੇਰਡ ਅਤੇ ਸਟੀਲਜ਼ ਉੱਤੇ ਪਹਿਲਾਂ ਹੀ ਚੱਲ ਰਹੀ ਹੈ। ਅਗਲੇ 20 ਸਾਲ ਵਿੱਚ ਥੋੜੇ ਬਹੁਤੇ ਵਿਸਥਾਰ ਨੂੰ ਛੱਡ ਕੇ ਜ਼ੂਮ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਣਾ। ਰੇਪਿਡ ਟਰਾਂਜ਼ਿਟ ਵਿੱਚ ਉਹ ਮਹਾਨ ਐਲ ਆਰ ਟੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਿਸ ਵਾਸਤੇ ਮਿਲਣ ਵਾਲੇ 500 ਮਿਲੀਅਨ ਤੋਂ ਵੱਧ ਡਾਲਰਾਂ ਨੂੰ ਸਿਟੀ ਕਾਉਂਸਲ ਆਪੋ ਵਿੱਚ ਲੜ ਝਗੜ ਕੇ ਲੱਤ ਮਾਰ ਚੁੱਕੀ ਹੈ। ਰੇਪਿਡ ਟਰਾਂਜ਼ਿਟ ਦਾ ਦੂਜਾ ਹਿੱਸਾ ਕੁਈਨ ਉੱਤੇ ਚਲਾਏ ਜਾਣ ਦੀ ਤਜਵੀਜ਼ ਹੈ ਜਿਸ ਵਾਸਤੇ ਮੁੱਢੋਂ ਸੁੱਢੋਂ ਨਵੀਂ ਵਿਉਂਤਬੰਦੀ ਕਰਨੀ ਹੋਵੇਗੀ। ਹੈਰਾਨੀ ਦੀ ਗੱਲ ਹੈ ਕਿ ਮਿਸੀਸਾਗਾ ਤੋਂ ਲੈ ਕੇ ਵ੍ਹਾਹਨ ਅਤੇ ਮੇਅਫੀਲਡ ਤੋਂ ਬੋਵੇਰਡ ਦਰਮਿਆਨ ਪੂਰੇ ਦੇ ਪੂਰੇ ਹਿੱਸੇ ਲਈ ਟਰਾਂਜ਼ਿਟ ਵਿਸਥਾਰ ਦਾ ਕੋਈ ਜ਼ਿਕਰ ਤੱਕ ਵੀ ਨਹੀਂ ਹੈ। ਇਹ ਹਿੱਸਾ ਕੁੱਲ ਬਰੈਂਪਟਨ ਦਾ ਲੱਗਭੱਗ ਇੱਕ ਚੌਥਾਈ ਬਣਦਾ ਹੈ। ਅਜਿਹੀਆਂ ਸੋਚਾਂ ਕਾਰਣ ਸ਼ਰਤੀਆ ਹੀ ਆਖਿਆ ਜਾ ਸਕਦਾ ਹੈ ਕਿ **ਬਰੈਂਪਟਨ ਖਤਰੇ ਵਿੱਚ ਹੈ।**

.......ਸਮਾਪਤ


ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach


Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਫੈਡਰਲ ਸਰਕਾਰ ਨੇ ਪਾਈਪਲਾਈਨ ਬਾਰੇ ਮੂਲਵਾਦੀ ਕਮਿਊਨਿਟੀਜ਼ ਨਾਲ ਸਲਾਹ ਮਸ਼ਵਰਾ ਮੁੜ ਕੀਤਾ ਸ਼ੁਰੂ

...ਪੰਨਾ 1 ਦਾ ਬਾਕੀ

ਸਗੋਂ ਕੁਦਰਤੀ ਵਸੀਲਿਆਂ ਬਾਰੇ ਮੰਤਰੀ ਅਮਰਜੀਤ ਸੋਹੀ ਨੇ ਵੀਰਵਾਰ ਨੂੰ ਆਖਿਆ ਕਿ ਸਰਕਾਰ ਸੁਪਰੀਮ ਕੋਰਟ ਦੇ ਸਾਬਕਾ ਜੱਜ ਫਰੈਂਕ ਲੈਕਾਬੁੱਕੀ ਨੂੰ ਇਸ ਨਵੀਂ ਗੱਲਬਾਤ ਦੀ ਨਿਗਰਾਨੀ ਕਰਨ ਲਈ ਨਿਯੁਕਤ ਕਰ ਰਹੀ ਹੈ। ਲੈਕਾਬੁੱਕੀ ਨੇ ਫਰਸਟ ਨੇਸ਼ਨਜ਼ ਤੇ ਮੈਟਿਸ ਆਗੂਆਂ ਨਾਲ ਸਲਾਹ ਮਸ਼ਵਰੇ ਨੂੰ ਡਿਜ਼ਾਈਨ ਕੀਤੇ ਜਾਣ ਦੀ ਪ੍ਰਕਿਰਿਆ ਦੀ ਨਿਗਰਾਨੀ ਕਰਨੀ ਹੋਵੇਗੀ। ਇਹ ਸਲਾਹ ਮਸ਼ਵਰਾ ਉਦੋਂ ਤੱਕ ਸ਼ੁਰੂ ਨਹੀਂ ਹੋ ਸਕਦਾ ਜਦੋਂ ਤੱਕ ਡਿਜ਼ਾਈਨ ਦਾ ਇਹ ਪੜਾਅ ਮੁਕੰਮਲ ਨਹੀਂ ਹੋ ਜਾਂਦਾ ਤੇ ਇਸ ਲਈ ਕੋਈ ਸਮਾਂ ਸੀਮਾਂ ਨਹੀਂ ਮਿਥੀ ਗਈ ਹੈ। ਸਕੁਐਮਿਸ਼ ਫਰਸਟ ਨੇਸ਼ਨ, ਜਿਸ ਵੱਲੋਂ ਹੁਣ ਤੱਕ ਇਸ ਪਾਈਪਲਾਈਨ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ, ਨੇ ਸਰਕਾਰ ਵੱਲੋਂ ਅਦਾਲਤ ਦੇ ਫੈਸਲੇ ਦੇ ਖਿਲਾਫ ਅਪੀਲ ਨਾ ਕਰਨ ਵਾਲੇ ਬਿਆਨ ਦਾ ਸਵਾਗਤ ਕੀਤਾ ਗਿਆ ਹੈ। ਪਰ ਸਲਾਹ ਮਸ਼ਵਰੇ ਦੀ ਨਵੀਂ ਪ੍ਰਕਿਰਿਆ ਦੇ ਸਬੰਧ ਵਿੱਚ ਉਨ੍ਹਾਂ ਦੇ ਵਿਚਾਰ ਵੱਖਰੇ ਹਨ। ਬੈਂਡ ਕਾਉਂਸਲਰ ਤੇ ਸਕੁਐਮਿਸ਼ ਦੇ ਬੁਲਾਰੇ ਖੇਲਸ਼ਿਲੇਮ ਨੇ ਆਖਿਆ ਕਿ ਸਾਡੀ ਨੇਸ਼ਨ ਉਮੀਦ ਕਰਦੀ ਹੈ ਕਿ ਇਹ ਸਲਾਹ ਮਸ਼ਵਰੇ ਸਬੰਧੀ ਪ੍ਰਕਿਰਿਆ ਸਨਮਾਨਜਕ ਢੰਗ ਨਾਲ ਕੀਤੀ ਜਾਵੇ ਤੇ ਸਾਡੇ ਨੇਸ਼ਨ ਦੇ ਮੂਲਵਾਦੀ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਜਾਵੇ।

ਉਨ੍ਹਾਂ ਆਖਿਆ ਕਿ ਟਰੂਡੋ ਸਰਕਾਰ ਇਸ ਪ੍ਰੋਜੈਕਟ ਨੂੰ ਸਾਡੀ ਟੈਰੇਟਰੀ ਤੋਂ ਬਿਨਾਂ ਸਾਡੀ ਮੁਕੰਮਲ ਰਜ਼ਾਮੰਦੀ ਦੇ ਗੁਜ਼ਾਰਨਾ ਚਾਹੁੰਦੀ ਸੀ ਤੇ ਇਹ ਸਾਡੀ ਸਕੁਐਮਿਸ਼ ਨੇਸ਼ਨ ਨੂੰ ਮਨਜ਼ੂਰ ਨਹੀਂ ਸੀ। ਆਪਣੀ ਅਪੀਲ ਵਿੱਚ ਸਕੁਐਮਿਸ਼ ਆਗੂਆਂ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਨਹੀਂ ਲੱਗਿਆ ਕਿ ਉਨ੍ਹਾਂ ਨੂੰ ਪਾਈਪਲਾਈਨ ਸਬੰਧੀ ਪੂਰੀ ਜਾਣਕਾਰੀ ਹਾਸਲ ਹੋਈ ਹੈ।

## ਫੈਡਰਲ ਸਰਕਾਰ ਦੀ ਕਾਰਬਨ ਟੈਕਸ ਯੋਜਨਾ ਤੋਂ ਇਨਕਾਰੀ ਪ੍ਰੀਮੀਅਰਜ਼ ਦੀ ਵੱਧ ਰਹੀ ਹੈ ਗਿਣਤੀ

...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਵੀ ਆਖਿਆ ਕਿ ਜੇ ਉਨ੍ਹਾਂ ਦੀ ਇਸ ਸਬੰਧ ਵਿੱਚ ਕਾਨੂੰਨੀ ਲੜਾਈ ਅਸਫਲ ਰਹਿੰਦੀ ਹੈ ਤਾਂ ਉਹ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੀ ਪ੍ਰੋਵਿੰਸ ਦੇ ਲੋਕਾਂ ਨੂੰ ਪੂਰੀ ਛੋਟ ਮਿਲੇ। ਟਰੂਡੋ ਸਰਕਾਰ ਦੀ ਇਸ ਯੋਜਨਾ ਦੇ ਖਿਲਾਫ ਅਵਾਜ਼ ਉਠਾਉਣ ਵਾਲੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ, ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਟਰ, ਅਲਬਰਟਾ ਦੀ ਯੂਸੀਪੀ ਆਗੂ ਤੇ ਪ੍ਰੀਮੀਅਰ ਬਣਨ ਦੇ ਉਮੀਦਵਾਰ ਜੇਸਨ ਕੇਨੀ ਦੀ ਸੂਚੀ ਵਿੱਚ ਹੁਣ ਹਿੱਗਜ਼ ਵੀ ਸ਼ਾਮਲ ਹੋ ਗਏ ਹਨ। ਅਲਬਰਟਾ ਦੀ ਪ੍ਰੀਮੀਅਰ ਰੇਚਲ ਨੌਟਲੇ ਨੇ ਵੀ ਇਹ ਐਲਾਨ ਕੀਤਾ ਹੋਇਆ ਹੈ ਕਿ ਜਦੋਂ ਤੱਕ ਟਰਾਂਸ ਮਾਊਨਟੇਨ ਪਾਈਪਲਾਈਨ ਦਾ ਕੰਮ ਅੱਗੇ ਨਹੀਂ ਵੱਧਦਾ ਉਦੋਂ ਤੱਕ ਉਹ ਕਾਰਬਨ ਟੈਕਸ ਪਲੈਨ ਦਾ ਸਮਰਥਨ ਨਹੀਂ ਕਰੇਗੀ।







## ਅਮਰੀਕੀ ਮਦਦ ਬਿਨਾਂ ਦੋ ਹਫਤੇ ਅਹੁਦੇ ਨਹੀਂ ਟਿਕਣਗੇ ਸਾਊਦੀ ਅਰਬ ਦੇ ਸ਼ਾਹ : ਟਰੰਪ

ਦੁਬਈ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਸਾਊਦੀ ਅਰਬ ਦੇ ਸ਼ਾਹ ਅਮਰੀਕੀ ਫੌਜੀ ਸਹਿਯੋਗ ਦੇ ਬਿਨਾਂ ਦੋ ਹਫਤੇ ਵੀ ਅਹੁਦੇ 'ਤੇ ਟਿਕੇ ਨਹੀਂ ਰਹਿ ਸਕਦੇ। ਇਹ ਕਹਿ ਕੇ ਟਰੰਪ ਨੇ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਪੱਛਮੀ ਏਸ਼ੀਆ ਵਿੱਚ ਅਮਰੀਕਾ ਦੇ ਸਭ ਤੋਂ ਕਰੀਬੀ ਸਹਿਯੋਗੀਆਂ ਵਿੱਚੋਂ ਇੱਕ ਸਾਊਦੀ ਅਰਬ ਉਤੇ ਵੀ ਦਬਾਅ ਹੋਰ ਵਧਾ ਦਿੱਤਾ ਹੈ।




ਕੱਚੇ ਤੇਲ ਦੀਆਂ ਕੀਮਤਾਂ ਚਾਰ ਸਾਲ ਵਿੱਚ ਸਭ ਤੋਂ ਉਚੇ ਪੱਧਰ ਉਤੇ ਪਹੁੰਚਣ ਕਾਰਨ ਟਰੰਪ ਨੇ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਓਪੇਕ ਤੇ ਸਾਊਦੀ ਅਰਬ ਨੂੰ ਵਾਰ-ਵਾਰ ਕੀਮਤਾਂ ਘੱਟ ਕਰਨ ਨੂੰ ਕਿਹਾ ਸੀ। ਵਿਸ਼ਲੇਸ਼ਕਾਂ ਨੇ ਸਾਵਧਾਨ ਕੀਤਾ ਕਿ ਤੇਲ ਦੀ ਕੀਮਤ ਸੌ ਡਾਲਰ ਪ੍ਰਤੀ ਬੈਰੇਲ ਤੱਕ ਜਾ ਸਕਦੀ ਹੈ ਕਿਉਂਕਿ ਵਿਸ਼ਵ ਦਾ ਉਤਪਾਦਨ ਪਹਿਲਾਂ ਤੋਂ ਹੀ ਵਧਿਆ ਹੋਇਆ ਹੈ ਅਤੇ ਈਰਾਨ ਦੇ ਤੇਲ ਉਦਯੋਗ 'ਤੇ ਟਰੰਪ ਵੱਲੋਂ ਲਗਾਈ ਪਾਬੰਦੀ ਦੇ ਹੁਕਮ ਨਵੰਬਰ ਦੀ ਸ਼ੁਰੂਆਤ ਤੋਂ ਲਾਗੂ ਹੋਣਗੇ। ਵਰਨਣ ਯੋਗ ਹੈ ਕਿ ਰਾਸ਼ਟਰਪਤੀ ਚੋਣਾਂ ਦੇ ਦੌਰਾਨ ਟਰੰਪ ਨੇ ਅਮਰੀਕੀ ਸਹਿਯੋਗੀਆਂ ਨੂੰ ਲੰਬੇ ਸਮੇਂ ਤੋਂ ਦਿੱਤੀ ਜਾ ਰਹੀ ਫੌਜੀ ਮਦਦ ਦੀ ਤਿੱਖੀ ਆਲੋਚਨਾ ਕੀਤੀ ਸੀ। ਸਾਊਦੀ ਅਰਬ ਦਾ ਰਿਕਾਰਡ ਇੱਕ ਕਰੋੜ ਸੱਤ ਲੱਖ ਵੀਹ ਹਜ਼ਾਰ ਬੈਰਲ ਕਰੂਡ ਦੇ ਉਤਪਾਦਨ ਦਾ ਹੈ। ਇਸ ਦੌਰਾਨ ਅਮਰੀਕਾ ਵਿੱਚ ਵੀ ਗੈਸੋਲੀਨ ਦੀਆਂ ਕੀਮਤਾਂ ਵਧੀਆਂ ਹਨ। ਨਵੰਬਰ ਵਿੱਚ ਟਰੰਪ ਨੂੰ ਮਿਡ ਟਰਮ ਚੋਣਾਂ ਦਾ ਵੀ ਸਾਹਮਣਾ ਕਰਨਾ ਪੈਣਾ ਹੈ।












ਕਹਾਣੀ

# ਦਿਲ ਦਰਿਆ

-ਨਿਰਮਲ ਤਪ੍ਰੇਮੀ

ਪਹਿਲੇ ਹੀ ਦਿਨ ਤੋਂ ਮਾਲਿਨ ਦੀ ਨਿਰਸਵਾਰਥ ਸੇਵਾ ਅਤੇ ਮੁਹੱਬਤ ਨੇ ਮੈਨੂੰ ਇਹ ਅਹਿਸਾਸ ਕਰਵਾ ਦਿੱਤਾ ਸੀ ਕਿ ਮੈਂ ਛੇਤੀ ਹੀ ਨਿਰੋਗ ਹੋ ਜਾਵਾਂਗਾ। ਉਹ ਸਾਰਾ ਦਿਨ ਮੇਰੇ ਨਿੱਕੇ-ਨਿੱਕੇ ਕੰਮਾਂ 'ਚ ਲੱਗੀ ਰਹਿੰਦੀ। ਉਸ ਦਾ ਕਿਸਾਨ ਪਤੀ ਵੀ ਆਪਣੇ ਹੱਥ ਦੇ ਕੰਮ ਛੱਡ ਕੇ ਮੇਰੀ ਮੁੱਠੀ-ਚਾਪੀ ਕਰਦਾ ਰਹਿੰਦਾ। ਉਸ ਖੂਹ ਤੋਂ ਮੈਨੂੰ ਐਨਾ ਆਪਣਾਪਣ, ਐਨਾ ਪਿਆਰ ਮਿਲਿਆ ਕਿ ਦੋ-ਚਾਰ ਦਿਨਾਂ ਵਿੱਚ ਹੀ ਉਸ ਖੂਹ ਦਾ ਕਣ-ਕਣ ਮੇਰੇ ਨਾਲ ਘੁਲ-ਮਿਲ ਗਿਆ। ਹੋਰ ਤਾਂ ਹੋਰ, ਉਨ੍ਹਾਂ ਦਾ ਡੱਬੂ ਕੁੱਤਾ, ਜੋ ਉਹ ਖੂਹ ਦੇ ਨਾਲ ਲੱਗਦੇ ਖੇਤਾਂ ਵਿੱਚ ਤਾਂ ਇੱਕ ਪਾਸੇ, ਉਸਦੇ ਕੋਲ ਦੇ ਰਾਹਾਂ 'ਤੇ ਵੀ ਕਿਸੇ ਓਪਰੇ ਬੰਦੇ ਦੇ ਆਉਣ-ਜਾਣ ਨੂੰ ਦੁੱਭਰ ਬਣਾ ਦਿੰਦਾ ਸੀ, ਮੇਰੇ ਅੱਗੇ-ਪਿੱਛੇ ਪੂਛ ਹਿਲਾਉਂਦਾ ਫਿਰਦਾ ਸੀ।

ਪੀਲੀਆ ਹੋਣ ਤੋਂ ਬਾਅਦ ਮੈਂ ਆਪਣੇ ਸ਼ਹਿਰ ਤੋਂ ਉਸ ਪਿੰਡ ਵਿੱਚ ਰਾਜ਼ੀ ਹੋਣ ਲਈ ਗਿਆ ਸੀ। ਸ਼ਹਿਰ ਵਿੱਚ ਇਹ ਬਿਮਾਰੀ ਕਾਬੂ 'ਚ ਨਹੀਂ ਆ ਰਹੀ ਸੀ। ਇੱਕ ਵਾਰ ਠੀਕ ਹੋਇਆ, ਪਰ ਕੁਝ ਦਿਨਾਂ ਬਾਅਦ ਇਹ ਫੇਰ ਉਭਰ ਕੇ ਆਈ। ਦੂਜੀ ਵਾਰ ਜਦੋਂ ਠੀਕ ਹੋਇਆ ਤਾਂ ਕਾਫੀ ਕਮਜ਼ੋਰ ਹੋ ਚੁੱਕਾ ਸੀ, ਪਰ ਮੇਰਾ ਚਿਹਰਾ ਹਰਦੀ ਵਰਗਾ ਪੀਲਾ ਪੈ ਗਿਆ ਸੀ। ਹੁਣ ਅੱਖਾਂ ਵਿੱਚ ਪਿਲੱਤਣ ਤਾਂ ਨਹੀਂ ਰਹੀ ਸੀ, ਪਰ ਮੇਰਾ ਚਿਹਰਾ ਹਲਦੀ ਵਾਂਗ ਪੀਲਾ ਪੈ ਗਿਆ ਸੀ। ਆਪਣੇ ਨਹੁੰਆਂ ਵੱਲ ਦੇਖਦਾ ਤਾਂ ਮੇਰਾ ਦਿਲ ਬੈਠਣ ਲੱਗਦਾ ਸੀ। ਐਨੇ ਚਿੱਟੇ ਹੋ ਗਏ ਸਨ, ਜਿਵੇਂ ਉਨ੍ਹਾਂ ਵਿੱਚ ਭੋਰਾ ਖੂਨ ਹੀ ਨਾ ਬਚਿਆ ਹੋਵੇ। ਡਾਕਟਰ ਦਾ ਮਸ਼ਵਰਾ ਸੁਣ ਕੇ ਮੇਰੇ ਇੱਕ ਦੋਸਤ ਨੇ ਮੈਨੂੰ ਆਪਣੇ ਪਿੰਡ ਵਾਲੇ ਖੂਹ 'ਤੇ ਘੱਲ ਦਿੱਤਾ, ਤਾਂ ਕਿ ਉਥੋਂ ਦੀ ਤਾਜ਼ੀ ਆਬੋ-ਹਵਾ ਵਿੱਚ ਹਰੀਆਂ ਸਬਜ਼ੀਆਂ ਖਾ ਕੇ ਛੇਤੀ ਹੀ ਨਿਰੋਗ ਹੋ ਸਕਾਂ।

ਠੰਢ ਦੇ ਦਿਨ ਸਨ। ਗਾਜਰ-ਮੂਲੀ, ਸਰ੍ਹੋਂ-ਪਾਲਕ, ਗੋਭੀ, ਸ਼ਲਗਮ, ਛੋਲੇ, ਬੈਂਗਣ, ਕੀ ਨਹੀਂ ਸੀ ਉਸ ਖੂਹ ਉਤੇ। ਗੰਨੇ ਦੇ ਖੇਤ। ਖੁਦ ਹੀ ਜਦੋਂ ਦਿਲ ਚਾਹੇ, ਤੋੜੋ ਅਤੇ ਖਾਓ। ਸਵੇਰ ਦੀ ਤਾਜ਼ੀ ਹਵਾ। ਦੁਪਹਿਰ ਦੀ ਨਰਮ ਅਤੇ ਗਰਮ ਧੁੱਪ। ਸ਼ਾਮ ਵੇਲੇ ਮਾਲਿਨ ਅਤੇ ਉਸ ਦੇ ਕਿਸਾਨ ਪਤੀ ਦਾ ਵੇਲੇ-ਕੁਵੱਲੇ ਮੇਰੀ ਹਰੇਕ ਜ਼ਰੂਰਤ ਦਾ ਖਿਆਲ ਰੱਖਣਾ। ਉਨ੍ਹਾਂ ਨੇ ਮੈਨੂੰ ਆਪਣੇ ਮਾਲਕ ਦਾ ਮਹਿਮਾਨ ਸਮਝ ਕੇ ਮਾਲਕ ਨਾਲੋਂ ਵੱਧ ਸੇਵਾ ਕਰਨੀ ਸ਼ੁਰੂ ਕਰ ਦਿੱਤੀ।

ਦਿਨ ਚੜ੍ਹਦਾ ਤਾਂ ਮਾਲਿਨ ਮੇਰੇ ਲਈ ਲੱਸੀ ਦਾ ਛੰਨਾ ਭਰ ਕੇ ਲੈ ਆਉਂਦੀ। ਉਸ 'ਤੇ ਤਾਜ਼ਾ ਕੱਢੇ ਹੋਏ ਮੱਖਣ ਦਾ ਪੇੜਾ ਤੈਰ ਰਿਹਾ ਹੁੰਦਾ। ਉਹ ਲੱਸੀ ਪੀ ਕੇ ਮੈਂ ਸੈਰ ਲਈ ਨਿਕਲਦਾ ਤਾਂ ਮਾਲਿਨ ਆਪਣੇ ਵਫਾਦਾਰ ਕੁੱਤੇ ਨੂੰ ਮੇਰੇ ਨਾਲ ਕਰ ਦਿੰਦੀ, "ਡੱਬੂ, ਇਨ੍ਹਾਂ ਦੇ ਨਾਲ ਜਾਹ। ਸਾਹਬ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ।" ਡੱਬੂ ਪੂਛ ਹਿਲਾਉਂਦਾ ਮੇਰੇ ਨਾਲ ਤੁਰ ਪੈਂਦਾ। ਤ੍ਰੇਲ-ਭਿੱਜੀਆਂ ਪਗਡੰਡੀਆਂ 'ਤੇ ਡੱਬੂ ਮੇਰੇ ਅੱਗੇ-ਪਿੱਛੇ ਇਉਂ ਤੁਰਦਾ, ਜਿਵੇਂ ਮੇਰਾ ਮਾਰਗ ਦਰਸ਼ਨ ਕਰ ਰਿਹਾ ਹੋਵੇ। ਮੈਂ ਕਿਸੇ ਰੁੱਖ 'ਤੇ ਲੱਗੇ ਹੋਏ ਫਲਾਂ ਨੂੰ ਦੇਖਣ ਜਾਂ ਤੋੜਨ ਲਈ ਠਹਿਰ ਜਾਂਦਾ ਤਾਂ ਅੱਗੇ-ਅੱਗੇ ਤੁਰਦੇ ਡੱਬੂ ਦੇ ਪੈਰ ਵੀ ਰੁਕ ਜਾਂਦੇ। ਮੈਂ ਕਿਸੇ ਗੰਨੇ ਦੇ ਖੇਤ 'ਚੋਂ ਗੰਨਾ ਪੁੱਟਣਾ ਚਾਹੁੰਦਾ ਤਾਂ ਡੱਬੂ ਉਥੇ ਵੀ ਮੇਰੀ ਮਦਦ ਕਰਦਾ। ਉਹ ਕਿਆਰੀ ਦੇ ਕਿਸੇ ਮੋਟੇ ਗੰਨੇ ਦੇ ਕੋਲ ਜਾ ਕੇ ਖੜ੍ਹਾ ਹੋ ਜਾਂਦਾ, ਜਿਵੇਂ ਕਹਿ ਰਿਹਾ ਹੋਵੇ ਕਿ ਇਹਨੂੰ ਪੁੱਟੋ, ਇਹ ਗੰਨਾ ਵੱਧ ਮਿੱਠਾ ਹੋਵੇਗਾ।

ਵਾਪਸ ਮੁੜਦਾ ਤਾਂ ਮੇਰੇ ਕਮਰੇ ਵਿੱਚ ਰੰਗ-ਬਿਰੰਗੀਆਂ ਫੁੱਲਾਂ ਭਰੀ ਟੋਕਰੀ ਰੱਖੀ ਹੁੰਦੀ। ਕਮਰਾ ਮਹਿਕ-ਮਹਿਕ ਜਾਂਦਾ। ਥੋੜ੍ਹਾ ਆਰਾਮ ਕਰ ਕੇ ਮੈਂ ਟਿਊਬਵੈਲ ਦੇ ਖੁੱਲ੍ਹੇ ਪਾਣੀ ਥੱਲੇ ਨਹਾਉਂਦਾ। ਉਥੋਂ ਤਾਜ਼ਾ ਦਮ ਹੋ ਕੇ ਮੁੜਦਾ ਤਾਂ ਮਾਲਿਨ ਰਸੋਈ ਵਿੱਚ ਆਪਣੇ ਕੋਲ ਬਹਾ ਕੇ ਸਰ੍ਹੋਂ ਦੇ ਸਾਗ 'ਤੇ ਘਿਓ ਦੀ ਕੜਛੀ ਪਾ ਕੇ ਨਾਸ਼ਤਾ ਕਰਾਉਂਦੀ। ਨਾਸ਼ਤੇ ਵਿੱਚ ਮੱਕੀ ਜਾਂ ਬਾਜਰੇ ਦੀ ਰੋਟੀ ਖੁਆਉਂਦੀ। ਉਹ ਤਵੇ ਤੋਂ ਲਾਹ ਕੇ ਪਾਥੀਆਂ ਦੀ ਮੱਧਮ ਅੱਗ 'ਤੇ ਰੱਖ ਕੇ ਰਾੜ੍ਹਦੀ ਸੀ, ਜਿਸ ਨਾਲ ਉਹ ਰੋਟੀ ਸਖਤ ਵੀ ਹੋ ਜਾਂਦੀ ਤੇ ਸੁਆਹ ਦੀ ਮਹਿਕ ਵੀ ਭਰ ਜਾਂਦੀ। ਖਾ ਕੇ ਮਜ਼ਾ ਆ ਜਾਂਦਾ। ਸਵੇਰ ਦੇ ਸਮੇਂ, ਦੁਪਹਿਰ, ਰਾਤ ਨੂੰ ਚੰਗੇ ਖਾਣ-ਪੀਣ ਨਾਲ ਦੋ ਹਫਤਿਆਂ ਵਿੱਚ ਮੈਨੂੰ ਅਹਿਸਾਸ ਹੋਇਆ ਕਿ ਮੇਰੇ ਨਹੁੰਆਂ ਵਿੱਚ ਲਾਲੀ ਆ ਰਹੀ ਹੈ। ਗੱਲ੍ਹਾਂ ਵਿੱਚ ਉਸ ਦੇਸੀ ਗੁਲਾਬਾਂ ਜਿਹੀ ਰੰਗਤ ਭਰ ਰਹੀ ਹੈ, ਜਿਨ੍ਹਾਂ ਦੀ ਖੁਸ਼ਬੂ ਨਾਲ ਮੈਂ ਸਾਰਾ ਦਿਨ ਭਿੱਜਿਆ ਰਹਿੰਦਾ ਸੀ।

ਇਸੇ ਤਰ੍ਹਾਂ ਹੌਲੀ ਹੌਲੀ ਮੇਰੀ ਸਿਹਤ ਵਿੱਚ ਸੁਧਾਰ ਹੁੰਦਾ ਗਿਆ। ਜਿਵੇਂ ਜਿਵੇਂ ਮੈਂ ਨਿਰੋਗ ਹੁੰਦਾ ਜਾ ਰਿਹਾ ਸੀ, ਉਵੇਂ ਉਵੇਂ ਮੈਂ ਦਿਲ ਹੀ ਦਿਲ ਵਿੱਚ ਮਾਲਿਨ ਤੇ ਉਸ ਦੇ ਕਿਸਾਨ ਪਤੀ ਦੀ ਅਹਿਸਾਨਮੰਦੀ ਮਹਿਸੂਸ ਕਰ ਰਿਹਾ ਸੀ, ਜਿਨ੍ਹਾਂ ਦੀ ਨਿਰਸਵਾਰਥ ਸੇਵਾ ਨੇ ਮੇਰੇ ਅੰਦਰ ਨਵੀਂ ਜ਼ਿੰਦਗੀ ਫੂਕ ਦਿੱਤੀ ਸੀ। ਇਥੋਂ ਤੱਕ ਕਿ ਕਦੀ ਕਦੀ ਉਨ੍ਹਾਂ ਦੇ ਕੁੱਤੇ ਡੱਬੂ ਦਾ ਵੀ ਧੰਨਵਾਦ ਪ੍ਰਗਟ ਕਰਨ ਨੂੰ ਜੀ ਚਾਹੁੰਦਾ ਸੀ, ਜੋ ਆਪਣੀ ਪੂਛ ਹਿਲਾਉਂਦਾ ਹੋਇਆ ਪੈਰ-ਪੈਰ 'ਤੇ ਮੇਰੇ ਨਾਲ ਰਹਿੰਦਾ ਸੀ। ਉਹ ਤਾਂ ਇਥੋਂ ਤੱਕ ਕਰਦਾ ਸੀ ਕਿ ਜਦ ਮੈਂ ਉਨ੍ਹਾਂ ਦੀ ਹਵੇਲੀ ਦੀ ਕੋਠੜੀ ਵਿੱਚ ਸੌਂ ਰਿਹਾ ਹੁੰਦਾ, ਤਦ ਵੀ ਉਹ ਬਾਹਰ ਦਰਵਾਜ਼ੇ 'ਤੇ ਬੈਠਾ ਰਹਿੰਦਾ ਅਤੇ ਮੇਰੇ ਬਾਹਰ ਨਿਕਲਣ 'ਤੇ ਪੂਛ ਹਿਲਾਉਂਦਾ ਮੇਰੇ ਪੈਰਾਂ ਨੂੰ ਇਉਂ ਸੁੰਘਣ ਲੱਗਦਾ, ਜਿਵੇਂ ਉਹ ਮੇਰੇ ਪੈਰ ਛੂਹ ਰਿਹਾ ਹੋਵੇ। ਇਸ ਲਈ ਉਨ੍ਹਾਂ ਤਿੰਨਾਂ ਲਈ ਮੇਰੇ ਦਿਲ ਵਿੱਚ ਹਮੇਸ਼ਾ ਨਿੱਤ-ਨਵੀਆਂ ਕੋਮਲ ਜਿਹੀਆਂ ਭਾਵਨਾਵਾਂ ਜਾਗਦੀਆਂ ਰਹਿੰਦੀਆਂ ਸਨ। ਕਦੀ ਮੈਂ ਸੋਚਦਾ ਕਿ ਮੈਂ ਜਾਣ ਤੋਂ ਪਹਿਲਾਂ ਮਾਲਿਨ ਅਤੇ ਕਿਸਾਨ ਨੂੰ ਮੋਟੀ ਰਕਮ ਇਨਾਮ ਦੇ ਰੂਪ ਵਿੱਚ ਦੇ ਕੇ ਜਾਵਾਂਗਾ। ਕਦੀ ਸੋਚਦਾ ਕਿ ਮੈਂ ਉਨ੍ਹਾਂ ਨੂੰ ਦੋਵਾਂ ਨੂੰ ਆਪਣੇ ਸ਼ਹਿਰ ਵਿੱਚ ਬੁਲਾਊਂਗਾ ਤੇ ਉਨ੍ਹਾਂ ਨੂੰ ਉਥੋਂ ਦੀ ਖੂਬ ਸੈਰ ਕਰਾਊਂਗਾ।

ਥੋੜ੍ਹੇ ਸ਼ਬਦਾਂ ਵਿੱਚ ਕਹਾਂ ਤਾਂ ਮੇਰੇ ਦਿਲ ਦੇ ਦਰਿਆ ਵਿੱਚ ਉਨ੍ਹਾਂ ਲੋਕਾਂ ਲਈ ਪਿਆਰ ਦੀ ਭਾਵਨਾ ਉਲਰ-ਉਲਰ ਪੈਂਦੀ ਸੀ ਅਤੇ ਹਰ ਪਲ ਸਾਫ-ਸੁਥਰੀਆਂ ਲਹਿਰਾਂ ਨਾਲ ਮੇਰਾ ਵਜੂਦ ਭਿੱਜ-ਭਿੱਜ ਜਾਂਦਾ ਸੀ, ਪਰ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਉਨ੍ਹਾਂ ਦੇ ਸਾਹਮਣੇ ਆਪਣਾ ਪਿਆਰ ਕਿਵੇਂ ਪ੍ਰਗਟ ਕਰਾਂ? ਉਨ੍ਹਾਂ ਲਈ ਮੇਰੇ ਕੋਲ ਸ਼ਬਦ ਨਹੀਂ ਸਨ ਅਤੇ ਜੇ ਸਨ ਤਾਂ ਉਨ੍ਹਾਂ ਦੀ ਸੇਵਾ ਸਾਹਮਣੇ ਹਲਕੇ ਪੈਂਦੇ ਸਨ, ਇਸ ਲਈ ਚਾਹੁੰਦਾ ਹੋਇਆ ਵੀ ਹੁਣ ਤੱਕ ਕੁਝ ਨਹੀਂ ਕਹਿ ਸਕਿਆ ਸੀ। ਇਥੋਂ ਤੱਕ ਕਿ ਮੇਰੇ ਮੁੜਨ 'ਚ ਸਿਰਫ ਦੋ ਦਿਨ ਰਹਿ ਗਏ। ਮੇਰੇ ਵਾਪਸ ਜਾਣ ਦੀਆਂ ਸਾਰੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਸਨ। ਕਿਸਾਨ ਇੱਕ ਦਿਨ ਪੰਜ ਕਿਲੋਮੀਟਰ ਦੂਰ ਰੇਲਵੇ ਸਟੇਸ਼ਨ 'ਤੇ ਜਾ ਕੇ ਮੇਰੀ ਗੱਡੀ ਦੀ ਟਿਕਟ ਲੈ ਆਇਆ ਸੀ। ਮਾਲਿਨ ਨੇ ਨਾਲ ਲਿਜਾਣ ਲਈ ਮੇਰੇ ਲਈ ਮੱਕੀ ਦਾ ਆਟਾ, ਘਰ ਦਾ ਬਣਿਆ ਹੋਇਆ ਗੁੜ ਅਤੇ ਸ਼ੱਕਰ ਅਤੇ ਪਤਾ ਨਹੀਂ ਇਹੋ ਜਿਹੀਆਂ ਕਿੰਨੀਆਂ ਹੀ ਸ਼ੈਆਂ ਦੀਆਂ ਪੋਟਲੀਆਂ ਬੰਨ੍ਹ ਕੇ ਇੱਕ ਥੈਲੇ 'ਚ ਤੁੰਨ ਦਿੱਤੀਆਂ ਸਨ।

ਭਰੇ ਹੋਏ ਘੜੇ ਨੂੰ ਹੋਰ ਪਾਣੀ ਨਾਲ ਭਰ ਕੇ, ਵਾਰ-ਵਾਰ ਉਪਰੋਂ ਛਲਕਾ ਕੇ ਹੀ ਜਿਵੇਂ ਕੋਈ ਯਕੀਨ ਕਰਨਾ ਚਾਹੁੰਦਾ ਹੈ ਕਿ ਘੜਾ ਸੱਚਮੁੱਚ ਨੱਕ ਤੱਕ ਭਰਿਆ ਹੋਇਆ ਹੈ, ਇਹੀ ਹਾਲ ਮਾਲਿਨ ਅਤੇ ਉਸ ਦੇ ਪਤੀ ਦਾ ਸੀ। ਜਿਉਂ ਜਿਉਂ ਮੇਰੇ ਜਾਣ ਦਾ ਸਮਾਂ ਨੇੜੇ ਆ ਰਿਹਾ ਸੀ, ਉਨ੍ਹਾਂ ਦੀ ਸੇਵਾ ਦੀ ਭਾਵਨਾ ਵਧ ਰਹੀ ਸੀ।

ਅਗਲੀ ਸਵੇਰ ਮੈਂ ਟੁਰ ਜਾਣਾ ਸੀ। ਉਸ ਦਿਨ ਸ਼ਾਮ ਨੂੰ ਮੈਂ ਆਖਰੀ ਵਾਰ ਖੇਤਾਂ ਦੀ ਸੈਰ ਨੂੰ ਨਿਕਲਿਆ ਤਾਂ ਮਾਲਿਨ ਵੀ ਨਾਲ ਹੋ ਤੁਰੀ। ਕੁੱਤਾਂ ਤਾਂ ਖੈਰ ਨਾਲ ਰਹਿੰਦਾ ਹੀ ਸੀ। ਤੁਰਦੇ ਤੁਰਦੇ ਜਦ ਅਸੀਂ ਗੰਨੇ ਦੇ ਖੇਤ ਕੋਲੋਂ ਲੰਘੇ ਤਾਂ ਮਾਲਿਨ ਨੇ ਪੁੱਛਿਆ, "ਗੰਨਾ ਚੂਪੋਗੇ?"

"ਇੱਛਾਂ ਤਾ ਨਹੀਂ ਹੋ ਹੈ", ਮੇਰਾ ਜਵਾਬ ਸੀ।

ਮਾਲਿਨ ਸ਼ਾਇਦ ਆਪਣੀ ਸੇਵਾ ਦੀ ਭਾਵਨਾ ਨੂੰ ਪੂਰਾ ਕਰਨਾ ਚਾਹੁੰਦੀ ਸੀ, ਕਹਿਣ ਲੱਗੀ, 'ਸ਼ਹਿਰ ਵਿੱਚ ਏਦਾਂ ਦੇ ਗੰਨੇ ਚੂਪਣ ਨੂੰ ਕਿੱਥੋਂ ਮਿਲਣਗੇ ਤੇ ਉਸ ਨੇ ਮੇਰੀ ਬਾਂਹ ਫੜੀ ਤੇ ਸਰ-ਸਰ ਕਰਦੇ ਲੰਬੇ-ਲੰਬੇ ਗੰਨਿਆਂ ਕੋਲ ਲੈ ਗਈ।"

ਮੈਂ ਤਾਂ ਬਾਹਰ ਖੜ੍ਹਾ ਰਿਹਾ ਅਤੇ ਉਹ ਮਿੱਠੇ ਤੇ ਮੋਟੇ ਗੰਨੇ ਦੀ ਭਾਲ ਵਿੱਚ ਦੋ-ਤਿੰਨ ਪੈਰ ਖੇਤ ਦੇ ਅੰਦਰ ਜਾ ਵੜੀ। ਉਹ ਇੱਕ-ਇੱਕ ਗੰਨਾ ਮੈਨੂੰ ਦਿਖਾ-ਦਿਖਾ ਕੇ ਪੁੱਛ ਰਹੀ ਸੀ ਕਿ ਕਿਹੜਾ ਤੋੜਾਂ।

ਮੇਰੇ ਦਿਲ ਦਰਿਆ ਦੇ ਕੰਢੇ ਨਾਲੋਂ ਥੋੜ੍ਹੀ ਜਿਹੀ ਮਿੱਟੀ ਟੁੱਟ ਕੇ ਡਿੱਗੀ ਅਤੇ ਦਿਲ ਵਿੱਚ ਵਗਦੇ ਖਿਆਲਾਂ ਦੇ ਸਾਫ-ਸੁਥਰੇ, ਨਿਰਮਲ ਪਾਣੀ, ਦੀ ਇੱਕ ਲਹਿਰ ਨੂੰ ਗੰਧਲਾ ਅਤੇ ਮੈਲਾ ਕਰ ਗਈ ਸੀ। ਅਜੇ ਮੇਰੇ ਦਿਲ ਵਿੱਚ ਸਿਰਫ ਇਹ ਖਿਆਲ ਹੀ ਪੈਦਾ ਹੋਇਆ ਸੀ, ਉਸ 'ਤੇ ਅਮਲ ਕਰਨ ਦੇ ਲਈ ਮੈਂ ਆਪਣਾ ਪੈਰ ਅਗਾਂਹ ਨਹੀਂ ਵਧਾਇਆ ਸੀ, ਤਦੇ ਮੇਰੇ ਕੋਲ ਖੜ੍ਹੇ ਡੱਬੂ ਨੇ ਮੇਰੀ ਟੰਗ ਨੂੰ ਆਪਣੇ ਦੰਦਾਂ ਵਿੱਚ ਨੱਪ ਲਿਆ।

"ਓਏ ਓਏ, ਡੱਬੂ ਕੀ ਕਰਦਾ ਏਂ?" ਮਾਲਿਨ ਹੱਥ ਵਿੱਚ ਫੜਿਆ ਹੋਇਆ ਗੰਨਾ ਲੈ ਕੇ ਡੱਬੂ ਨੂੰ ਮਾਰਨ ਦੌੜੀ, ਪਰ ਮੈਨੂੰ ਇਸ ਦਾ ਭੋਰਾ ਵੀ ਅਹਿਸਾਸ ਨਹੀਂ ਸੀ। ਮੈਨੂੰ ਪਤਾ ਸੀ ਕਿ ਜੋ ਕੰਮ ਮੈਂ ਕਰਨ ਲੱਗਾ ਸੀ, ਉਸ ਨੂੰ ਰੋਕਣ ਲਈ ਡੱਬੂ ਨੇ ਜੋ ਕੀਤਾ ਸੀ, ਉਹ ਠੀਕ ਹੀ ਕੀਤਾ ਸੀ। ਅਗਲੇ ਦਿਨ ਉਥੋਂ ਤੁਰਦੇ ਸਮੇਂ ਮਾਲਿਨ ਅਤੇ ਕਿਸਾਨ ਵਾਰ-ਵਾਰ ਕੁੱਤੇ ਦੀ ਗੁਸਤਾਖੀ ਲਈ ਮੁਆਫੀ ਮੰਗ ਰਹੇ ਸਨ, ਪਰ ਮੇਰੀ ਇਹ ਹਿੰਮਤ ਨਹੀਂ ਪੈ ਰਹੀ ਸੀ ਕਿ ਮੇਰੇ ਦਿਲ ਦਾ ਕੁੱਤਾ ਮੇਰੇ ਕੋਲੋਂ ਜੋ ਗੁਸਤਾਖੀ ਕਰਵਾਉਣ ਜਾ ਰਿਹਾ ਸੀ, ਉਸ ਦੇ ਲਈ ਮੁਆਫੀ ਮੰਗ ਸਕਾਂ?

ਮੇਰੇ ਅੰਦਰ ਤਾਂ ਉਸ ਕਿਸਾਨ ਜੋੜੇ ਦਾ ਧੰਨਵਾਦ ਕਰਨ ਦੀ ਹਿੰਮਤ ਹੀ ਨਹੀਂ ਬਚੀ ਸੀ।

# ਜਿਹੜੇ ਲੋਕੀਂ ਦਾਜ ਮੰਗਦੇ..

-ਡਾ. ਰਾਜਵੰਤ ਕੌਰ ਪੰਜਾਬੀ

ਕੰਨਿਆ ਵਾਲੀ ਧਿਰ ਵੱਲੋਂ ਧੀ ਨੂੰ ਵਿਆਹ ਸਮੇਂ ਦਿੱਤੀ ਜਾਣ ਵਾਲੀ ਦਾਤ ਨੂੰ 'ਦਾਜ' ਕਹਿੰਦੇ ਹਨ। ਇਸ ਨੂੰ 'ਦਿੱਤ' ਵੀ ਕਹਿ ਲਿਆ ਜਾਂਦਾ ਹੈ, ਜਿਸ ਦੇ ਅਰਥ ਹਨ 'ਖੁਸ਼ੀ ਨਾਲ ਦਿੱਤੀ ਹੋਈ ਵਸਤੂ' ਜਾਂ 'ਇੱਛਾ ਤੇ ਪਰੋਖੋਂ ਅਨੁਸਾਰ ਖੁਸ਼ੀ-ਖੁਸ਼ੀ ਦਿੱਤੀ ਵਸਤੂ।' ਲੜਕੀ ਦੇ ਵਿਆਹ 'ਤੇ ਉਸ ਦੇ ਪੇਕਿਆਂ ਵੱਲੋਂ ਉਸ ਨੂੰ ਦਾਜ ਦੇ ਰੂਪ ਵਿੱਚ ਵਸਤੂਆਂ ਦੇਣ ਦਾ ਰਿਵਾਜ ਕਦੋਂ ਸ਼ੁਰੂ ਹੋਇਆ, ਇਸ ਦਾ ਅੰਦਾਜ਼ਾ ਲਾਉਣਾ ਕਠਿਨ ਹੈ, ਪਰ ਫਿਰ ਵੀ ਕਿਹਾ ਜਾ ਸਕਦਾ ਹੈ ਕਿ ਦਾਜ ਦੇਣ ਦੀ ਪਰੰਪਰਾ ਸਦੀਆਂ ਤੋਂ ਚੱਲੀ ਆ ਰਹੀ ਹੈ।

ਇਕ ਧਾਰਨਾ ਅਨੁਸਾਰ ਮਾਤਾ ਪਿਤਾ ਦੀ ਔਲਾਦ ਵਿੱਚੋਂ ਕਿਉਂਕਿ ਪੁੱਤਰ ਨੇ ਸਦਾ ਲਈ ਮਾਤਾ ਪਿਤਾ ਦੇ ਪਰਵਾਰ ਵਿੱਚ ਰਹਿਣਾ ਹੁੰਦਾ ਹੈਅਤੇ ਧੀ ਨੇ ਆਪਣੇ ਪਤੀ ਦੇ ਪਰਵਾਰ (ਸਹੁਰੇ ਘਰ) ਰਹਿਣ ਲਈ ਚਲੇ ਜਾਣਾ ਹੁੰਦਾ ਹੈ, ਇਸ ਲਈ ਮਾਤਾ ਪਿਤਾ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਵੱਲੋਂ ਧੀ ਨੂੰ ਵੀ ਸੰਪਤੀ ਵਿੱਚੋਂ ਕਿਸੇ ਨਾਲ ਕਿਸੇ ਰੂਪ ਵਿੱਚ ਦਿੱਤਾ ਜਾਵੇ। ਧੀ ਦਾ ਵਿਆਹ ਇਕ ਅਜਿਹਾ ਖੁਸ਼ੀ ਦਾ ਮੌਕਾ ਹੁੰਦਾ ਹੈ ਜਦੋਂ ਉਸ ਨੇ ਪਤੀ ਨਾਲ ਮਿਲ ਕੇ ਨਵੀਂ ਘਰ ਗ੍ਰਹਿਸਥੀ ਦਾ ਨਿਰਮਾਣ ਕਰਨਾ ਹੁੰਦਾ ਹੈ। ਇਸ ਲਈ ਕੰਨਿਆ ਦੇ ਮਾਪੇ ਧੀ ਨੂੰ ਦਾਜ ਦੇ ਰੂਪ ਵਿੱਚ ਵਿੱਤ ਅਨੁਸਾਰ ਵਰਤੋਂ ਦੀਆਂ ਵਸਤੂਆਂ ਦਿੰਦੇ ਰਹੇ ਹਨ। ਹੋਰ ਤਾਂ ਹੋਰ, ਸਾਡੇ ਸਮਾਜ ਵਿੱਚ ਕੁੜੀ ਦੇ ਜੰਮਦਿਆਂ ਹੀ ਮਾਂ ਨੂੰ ਉਸ ਦੇ ਦਾਜ ਦਾ ਫਿਕਰ ਪੈ ਜਾਂਦਾ ਸੀ। ਧੀ ਅਜੇ ਬਾਲੜੀ ਹੁੰਦੀ ਤਾਂ ਮਾਂ ਉਸ ਲਈ ਦਾਜ ਬਣਾਉਣਾ ਸ਼ੁਰੂ ਕਰ ਦਿੰਦੀ ਸੀ। ਧੀ ਮਾੜੀ ਜਿਹੀ ਸੁਰਤ ਸੰਭਾਲਦੀ ਤਾਂ ਉਸ ਨੂੰ ਚੁੱਲ੍ਹੇ ਚੌਂਕੇ ਤੇ ਦਾਜ ਦੀ ਤਿਆਰੀ ਨਾਲ ਜੁੜੇ ਕੰਮਾਂ ਵਿੱਚ ਲਾ ਲਿਆ ਜਾਂਦਾ ਸੀ। ਇਸੇ ਲਈ ਦਾਜ ਵਿੱਚ ਸ਼ਾਮਲ ਵਸਤਾਂ ਵਿੱਚ ਬਹੁਤ ਕੁਝ ਅਜਿਹਾ ਵੀ ਹੁੰਦਾ ਸੀ, ਜੋ ਘਰੇਲੂ ਵਰਤੋਂ ਵਿੱਚ ਆਉਣ ਵਾਲਾ ਹੁੰਦਾ ਤੇ ਜੋ ਲੜਕੀ ਵੱਲੋਂ ਆਪਣੀ ਪਤੀ ਤੇ ਆਪਣੇ ਸਹੁਰੇ ਪਰਵਾਰ ਨੂੰ ਖੁਸ਼ ਕਰਨ ਲਈ ਤਿਆਰ ਕੀਤਾ ਹੁੰਦਾ ਸੀ। ਬੁੱਲ੍ਹੇ ਸ਼ਾਹ ਦੀਆਂ ਗੰਢਾਂ ਵਿੱਚ ਅਧਿਆਤਮਕ ਦਾਜ ਦੇ ਅਰਥਾਂ ਵਿੱਚ ਇਸ ਦੁਨਿਆਵੀ ਪ੍ਰਥਾ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ:

ਬਾਬਲ ਆਖਿਆ ਆਣ ਕੇ ਮੈਂ ਤੈਂ ਸਹੁਰਿਆਂ ਘਰ ਜਾਣਾ।
ਰੀਤ ਓਥੇ ਦੀ ਔਰ ਹੈ ਮੁੜ ਪੈਰ ਨਾ ਏਥੇ ਪਾਣਾ।
ਗੰਢ ਪਹਿਲੀ ਨੂੰ ਖੋਲ੍ਹ ਕੇ ਮੈਂ ਬੈਠੀ ਬਰਲਾਵਾਂ
ਓੜਕ ਜਾਵਣ ਜਾਵਣਾ ਹੁਣ ਮੈਂ ਦਾਜ ਰੰਗਾਵਾਂ।

ਪੁਰਾਤਨ ਸਮਾਜ ਵਿੱਚ ਭਾਵੇਂ ਦਾਜ ਧੇਤੇ ਅਤੇ ਪੁਤੇਤੇ ਪਰਵਾਰ ਵਿੱਚ ਸੰਬੰਧ ਵਧਾਉਣ ਦਾ ਸਬੱਬ ਬਣਦਾ ਹੋਵੇ, ਪਰ ਹੌਲੀ-ਹੌਲੀ ਲਾਲਚ ਤੇ ਸਵਾਰਥ ਕਾਰਨ ਇਸ ਰਸਮ ਨੇ ਭਿਆਨਕ ਸਮਾਜਿਕ ਸਮੱਸਿਆ ਦਾ ਰੂਪ ਧਾਰ ਲਿਆ। ਭਾਵੇਂ ਇਸ ਸਮੱਸਿਆ ਨੂੰ ਸੁਲਝਾਉਣ ਲਈ ਭਾਰਤ ਸਰਕਾਰ ਨੇ 1961 ਵਿੱਚ ਦਾਜ ਨਾ ਦੇਣ ਸਬੰਧੀ ਕਾਨੂੰਨ ਪਾਸ ਕੀਤਾ ਸੀ, ਫਿਰ ਵੀ ਸਾਡੇ ਸਮਾਜ ਵਿੱਚ ਅਨੇਕ ਸਜਵਿਆਹੀਆਂ ਨੂੰ ਅਜੇ ਵੀ ਦਾਜ ਦੀ ਖਾਤਰ ਆਪਣੀ ਆਹੂਤੀ ਦੇਣੀ ਪੈਂਦੀ ਹੈ। ਦਾਜ ਮਨਾਹੀ ਐਕਟ 1961 ਦੀ ਧਾਰਾ ਦੋ ਅਨੁਸਾਰ ਉਹ ਸੰਪਤੀ ਦਾਜ ਹੈ, ਜੋ ਵਿਆਹ ਸਬੰਧ ਵਿੱਚ ਵਿਆਹ ਵੇਲੇ ਜਾਂ ਵਿਆਹ ਤੋਂ ਪਹਿਲਾਂ ਤੇ ਜਾਂ ਵਿਆਹ ਤੋਂ ਬਾਅਦ ਵਿਆਹ ਦੀ ਇਕ ਧਿਰ ਵੱਲੋਂ ਦੂਜੀ ਧਿਰ ਨੂੰ ਦਿੱਤੀ ਜਾਂਦੀ ਹੈ। ਇਸ ਦੇ ਦੋਸ਼ੀਆਂ ਨੂੰ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ 'ਤੇ ਕਿੰਨਾ ਕੁ ਅਮਲ ਹੋ ਰਿਹਾ ਹੈ, ਇਸ ਦਾ ਜਾਇਜ਼ਾ ਲੈਣ ਲਈ 1982 ਵਿੱਚ ਸਾਂਝੀ ਪਾਰਲੀਮੈਂਟਰੀ ਕਮੇਟੀ ਬਣਾਈ ਗਈ, ਜਿਸ ਨੇ ਸਿੱਟਾ ਕੱਢਿਆ ਕਿ ਇਹ ਦਾਜ ਵਿਰੋਧੀ ਕਾਨੂੰਨ ਵੀ ਇਸ ਸਮੱਸਿਆ ਨੂੰ ਨੱਥ ਪਾਉਣ ਵਿੱਚ ਸਫਲ ਨਹੀਂ ਹੋਇਆ। 1984 ਵਿੱਚ ਇਸ ਵਿੱਚ ਇਹ ਸੋਧ ਕੀਤੀ ਗਈ ਕਿ ਜੇ ਵਿਆਹ ਵੇਲੇ ਲਾੜੇ ਲਾੜੀ ਨੂੰ ਦਾਨੀ ਵੱਲੋਂ ਦਿੱਤੇ ਤੋਹਫੇ ਉਸ ਦੀ ਆਰਥਿਕ ਦਸ਼ਾ ਮੁਤਾਬਕ ਬਹੁਤੇ ਕੀਮਤੀ ਨਹੀਂ ਤਾਂ ਉਹ ਦਾਜ ਦਾ ਹਿੱਸਾ ਨਹੀਂ ਮੰਨੇ ਜਾਣਗੇ। ਪੰਜਾਬ ਸਰਕਾਰ ਨੇ ਇਸ ਕਾਨੂੰਨ ਵਿੱਚ ਹੋਰ ਪ੍ਰਬੰਧ ਕੀਤੇ ਕਿ ਦਾਜ ਦਾ ਵਿਖਾਲਾ ਕਰਨ, ਬਰਾਤ ਦੀ ਗਿਣਤੀ ਸੀਮਤ ਨਾ ਰੱਖਣ ਵਾਲਿਆਂ ਅਤੇ ਦੋ ਤੋਂ ਵੱਧ ਖਾਣੇ ਦੇਣ ਵਾਲਿਆਂ ਨੂੰ ਵੀ ਸਜ਼ਾ ਹੋ ਸਕਦੀ ਹੈ।

ਹਿੰਦੂ ਕਾਨੂੰਨ ਅਨੁਸਾਰ ਜੇ ਇਕ ਪਾਸੇ ਵਿਆਹ ਕੰਨਿਆ ਦਾਨ ਹੈ ਤਾਂ ਦੂਜੇ ਪਾਸੇ ਕੰਨਿਆ ਤੇ ਦਾਜ ਇਸ ਦਾਨ ਦਾ ਅੰਗ ਹਨ। ਦਾਜ ਵਿਚਲੀਆਂ ਵਸਤੂਆਂ ਕੱਪੜੇ ਲੱਤੇ, ਗਹਿਣੇ, ਭਾਂਡਾ ਟੀਂਡਰ ਤੇ ਪਲੰਘ ਪੀੜਾ ਦੇ ਰੂਪ ਵਿੱਚ ਹੁੰਦੀਆਂ ਹਨ। ਗਹਿਣੇ ਕੀਮਤੀ ਵਸਤੂ ਹੋਣ ਕਾਰਨ ਭਾਵੇਂ ਕੰਨਿਆ ਦੇ ਮਾਪਿਆਂ ਵੱਲੋਂ ਆਪਣੀ ਆਰਥਿਕ ਹੈਸੀਅਤ ਮੁਤਾ-ਬਕ ਦਿੱਤੇ ਜਾਂਦੇ ਹਨ, ਪਰ ਕਈ ਅਮੀਰ ਮਾਪੇ ਧੀ ਲਈ ਦਾਜ ਵਿੱਚ ਵੱਧ ਤੋਂ ਵੱਧ ਗਹਿਣੇ ਦਿੰਦੇ ਹੀ ਹਨ, ਨਾਲ ਜਵਾਈ ਤੇ ਉਸ ਦੇ ਅਤਿ ਨਜ਼ਦੀਕੀ ਅੰਗਾਂ ਸਾਕਾਂ ਲਈ ਵੀ ਗਹਿਣੇ ਦਿੰਦੇ ਹਨ। ਪਹਿਲੇ ਸਮਿਆਂ ਵਿੱਚ ਦਾਜ ਵਿੱਚ ਦਿੱਤੇ ਜਾਂਦੇ ਬਰਤਨ, ਪਿੱਤਲ, ਕਹਿੰ, ਤਾਂਬੇ ਤੇ ਲੋਹੇ ਆਦਿ ਦੀ ਧਾਤ ਦੇ ਬਣੇ ਹੁੰਦੇ ਹਨ। ਅਜੋਕੇ ਸਮੇਂ ਉਪਰੋਕਤ ਧਾਤਾਂ ਦੇ ਬਰਤਨਾਂ ਤੋਂ ਇਲਾਵਾ ਸਟੀਲ, ਚੀਨੀ, ਸ਼ੀਸ਼ੇ ਅਤੇ ਬਿਜਲਈ ਯੰਤਰਾਂ ਨਾਲ ਚੱਲਣ ਵਾਲੇ ਬਰਤਨ ਵੀ ਦਿੱਤੇ ਜਾਂਦੇ ਹਨ। ਪਲੰਘ ਪੀੜ੍ਹਾ ਤੋਂ ਭਾਵ ਵਰਤਮਾਨ ਫਰਨੀਚਰ ਤੋਂ ਹੈ, ਜਿਸ ਵਿੱਚ ਮੁੱਢਲੀ ਗਿਣਤੀ ਸੌਣ ਤੇ ਬੈਠਣ ਦੀਆਂ ਵਸਤੂਆਂ ਨਾਲ ਸਬੰਧ ਰੱਖਦੀ ਹੈ, ਪਰ ਅਜੋਕੇ ਸਮੇਂ ਬੈਡ, ਸੋਫਾ, ਡਾਇਨਿੰਗ ਟੇਬਲ, ਡਰੈਸਿੰਗ ਟੇਬਲ, ਅਲਮਾਰੀ ਆਦਿ ਵੀ ਦਿੱਤੇ ਜਾਣ ਦਾ ਰਿਵਾਜ ਹੈ।

ਦਾਜ ਦੀਆਂ ਨਿੱਕੀਆਂ-ਨਿੱਕੀਆਂ ਵਸਤੂਆਂ ਅਤੇ ਕੱਪੜਾ ਲੱਤਾ, ਲੋਹੇ ਦੀ ਚਾਦਰ ਨਾਲ ਬਣਾਈ ਵੱਡੀ ਪੇਟੀ (ਵੱਡਾ ਸੰਦੂਕ) ਵਿੱਚ ਪਾ ਕੇ ਦੇਣ ਦਾ ਰਿਵਾਜ ਹੈ। ਸ਼ਹਿਰਾਂ ਵਿੱਚ ਪੇਟੀ ਦੀ ਥਾਂ ਬਾਕਸ ਵਾਲੇ ਬੈਡਾਂ ਨੇ ਲੈ ਲਈ ਹੈ। ਧੀ ਨੂੰ ਦਿੱਤੇ ਜਾਣ ਵਾਲੇ ਦਾਜ ਵਿੱਚ ਭਾਵੇਂ ਮਾਪਿਆਂ ਵੱਲੋਂ ਬੇਸ਼ੁਮਾਰ ਦਾਤ ਦਿੱਤੀ ਜਾਵੇ, ਪਰ ਕੈਂਚੀ ਤੇ ਜਿੰਦਰਾ ਨਹੀਂ ਦਿੱਤਾ ਜਾਂਦਾ। ਪੇਟੀ ਨੂੰ ਜਿੰਦਰਾ ਲਾਉਣ ਦੀ ਥਾਂ ਕੇਵਲ ਮੌਲੀ ਦੀ ਤੰਦ ਬੰਨ੍ਹ ਦਿੱਤੀ ਜਾਂਦੀ ਹੈ। ਕੈਂਚੀ ਨਾ ਦੇਣ ਦਾ ਕਾਰਨ, ਧੀ ਨੂੰ 'ਮੂਕ ਸ਼ਬਦਾਂ ਵਿੱਚ' ਇਹ ਕਹਿਣਾ ਹੈ ਕਿ ਸਹੁਰਾ ਪਰਵਾਰ ਦੇ ਆਪਸੀ ਸਬੰਧਾਂ ਨੂੰ ਜੋੜ ਕੇ ਰੱਖਣਾ ਹੈ ਅਤੇ ਪੇਟੀ ਨੂੰ ਜਿੰਦਰਾ ਨਾ ਲਾਉਣ ਦਾ ਭਾਵ ਹੈ ਕਿ ਭਾਵੇਂ ਇਹ ਦਾਜ ਧੀ ਨੂੰ ਦਿੱਤਾ ਹੈ, ਪਰ ਇਸ ਦੀ ਸਾਂਭ ਸੰਭਾਲ ਧੀ ਦੇ ਸਹੁਰਾ ਪਰਵਾਰ ਜ਼ਿੰਮੇ ਹੈ।

ਅਜੋਕੇ ਸਮੇਂ ਵਿੱਦਿਆ ਤੇ ਜੀਵਨ ਦੀ ਆਤਮ ਨਿਰਭਰਤਾ ਨੂੰ ਵੀ ਭਾਵੇਂ ਦਾਜ ਦੇ ਤੁਲ ਸਮਝਿਆ ਜਾਣ ਲੱਗ ਪਿਆ ਹੈ, ਫਿਰ ਵੀ ਨੌਕਰੀਸ਼ੁਦਾ ਧੀਆਂ ਨੂੰ ਉਨ੍ਹਾਂ ਦੇ ਮਾਪੇ ਐਨਾ ਦਾਜ ਦੇਣ ਲੱਗ ਪਏ ਹਨ ਕਿ ਇਸ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਕਈ ਲੋਕ ਮੂੰਹ ਅੱਡ ਕੇ ਦਾਜ ਮੰਗਦੇ ਹਨ। ਅਜਿਹੇ ਲੋਕਾਂ ਦੀ ਦੇਖਾ ਦੇਖੀ ਗਰੀਬ ਵੀ ਇਸੇ ਰਾਹ ਤੁਰ ਪਏ ਹਨ। ਉਹ ਆਪਣੀ ਕਮਾਈ ਦਾ ਵੱਡਾ ਹਿੱਸਾ ਧੀ ਨੂੰ ਦਾਜ ਵਿੱਚ ਦੇਣ ਲੱਗੇ ਹਨ। ਢਿੱਡ ਉਨ੍ਹਾਂ ਦਾ ਖਾਲੀ ਹੋਣਾ ਹੀ ਹੋਇਆ, ਉਹ ਤਾਂ ਆਪਣਾ ਘਰ ਵੀ ਖਾਲੀ ਕਰ ਲੈਂਦੇ ਹਨ। ਇਸੇ ਸਥਿਤੀ ਤੋਂ ਬਚਾਅ ਲਈ ਹੀ ਤਾਂ ਸਾਡਾ ਲੋਕ ਕਾਵਿ ਸੁਚੇਤ ਕਰਦੈ:

ਸੁਣ ਵੇ ਚਾਚਾ, ਸੁਣ ਵੇ ਤਾਇਆ
ਕਰਜਾ ਮੂਲ ਨਾ ਚੜ੍ਹਾਈਏ
ਦਾਜ ਦੇ ਲੋਭੀ ਨੂੰ
ਧੀ ਨਾ ਕਦੇ ਵਿਆਹੀਏ। ਦਾਜ ਦੇ..।

ਗੱਲ ਕੀ, ਪੜ੍ਹੇ ਲਿਖੇ ਤੇ ਅਨਪੜ੍ਹ ਸਭ ਲੋਕ ਇਸ ਕੁਰੀਤੀ ਦੇ ਪ੍ਰਚਾਰ ਪ੍ਰਸਾਰ ਵਿੱਚ ਕਮੀ ਨਹੀਂ ਛੱਡਦੇ। ਚਾਹੀਦਾ ਇਹ ਹੈ ਕਿ ਪੜ੍ਹੇ ਲਿਖੇ ਲੋਕ ਅਨਪੜ੍ਹ ਲੋਕਾਈ ਨੂੰ ਜਾਗਰੂਕ ਕਰਨ ਤੇ ਅਣਜੰਮੀਆਂ ਧੀਆਂ ਲਈ ਇਹ ਸਮਾਜਿਕ ਬੁਰਾਈ ਕੋਈ ਖਤਰਾ ਪੈਦਾ ਨਾ ਕਰੇ, ਪਰ ਅਜਿਹਾ ਹੋ ਨਹੀਂ ਰਿਹਾ। ਸਾਡੀਆਂ ਬੋਲੀਆਂ ਵੀ ਸਮਾਜ ਨੂੰ ਲੱਗੇ ਇਸੇ ਕੋਹੜ ਦੀ ਬਾਤ ਬਾਖੂਬੀ ਪਾਉਂਦੀਆਂ ਨੇ:

ਜਿਹੜੇ ਲੋਕੀਂ ਦਾਜ ਮੰਗਦੇ, ਦਾਜ ਮੰਗਦੇ
ਉਨ੍ਹਾਂ ਦੇ ਲੜ ਜਾਏ ਨਾਗ ਕੁੜੇ, ਹਾਏ ਤੂੰਬਾ।
ਤੂੰਬਾ ਮੇਰੀ ਜਾਨ ਕੁੜੇ, ਹਾਏ ਤੂੰਬਾ..।

ਦਾਜ ਲਾਇਲਾਜ ਬਿਮਾਰੀ ਨਹੀਂ। ਇਸ ਦਾ ਇਲਾਜ ਕੀਤਾ ਜਾ ਸਕਦਾ ਹੈ। ਸਾਡੇ ਅੰਦਰ ਇਸ ਨੂੰ ਖਤਮ ਕਰਨ ਦੇ ਦ੍ਰਿੜ ਇਰਾਦੇ, ਸੰਜਮ ਤੇ ਸਬਰ ਸੰਤੋਖ ਦੀ ਲੋੜ ਹੈ। ਜਿਸ ਨੇ ਆਪਣੇ ਜਿਗਰ ਦੇ ਟੋਟਾ ਦੂਸਰੇ ਪਰਵਾਰ ਨੂੰ ਸੌਂਪ ਦਿੱਤਾ, ਉਸ ਤੋਂ ਵੱਧ ਕੀਮਤੀ ਭਲਾ ਕਿਹੜਾ ਦਾਜ ਹੋ ਸਕਦਾ ਹੈ? ਦਾਜ ਦੀ ਲਾਹਨਤ ਖਤਮ ਕਰਨ ਲਈ ਯੁਵਕ ਪੀੜ੍ਹੀ ਨੂੰ ਅੱਗੇ ਆਉਣਾ ਅਤੇ ਸੂਝ ਬੂਝ ਤੇ ਦ੍ਰਿੜ੍ਹਤਾ ਨਾਲ ਇਸ ਬੁਰਾਈ ਦੀ ਜੜ ਪੁੱਟਣ ਲਈ ਕਦਮ ਵੀ ਉਠਾਉਣੇ ਪੈਣਗੇ ਕਿਉਂਕਿ

ਜੇ ਮੁੰਡਿਓ ਤੁਸੀਂ ਵਿਆਹ ਵੇ ਕਰਾਉਣਾ।
ਦਾਜ ਦਹੇਜ ਕਰੋ ਬੰਦ ਮੁੰਡਿਓ
ਨਹੀਂ ਤਾਂ ਰਹਿ ਜੋਗੇ ਛੜੇ ਮਲੰਗ ਮੁੰਡਿਓ।

ਸਭ ਤੋਂ ਅਹਿਮ ਗੱਲ ਲੜਕੀਆਂ ਨੂੰ ਜਾਗਰੂਕ ਹੋਣਾ ਪਵੇਗਾ ਕਿ ਸਿੱਖਿਆ ਪ੍ਰਾਪਤ ਕਰਕੇ ਉਹ ਕਿਸੇ ਵੀ ਖੇਤਰ ਦੀ ਬੁਲੰਦੀ ਤੱਕ ਅੱਪੜ ਸਕਦੀਆਂ ਹਨ। ਸਾਡੇ ਵਿਰਸੇ ਵਿੱਚ ਬਹੁਤ ਕੁਝ ਚੰਗਾ ਪਿਆ ਹੈ, ਬਸ ਉਸ ਵੱਲ ਝਾਤੀ ਮਾਰਨ ਦੀ ਜ਼ਰੂਰਤ ਹੈ:

ਛੈਣੇ, ਛੈਣੇ, ਛੈਣੇ,
ਵਿੱਦਿਆ ਪੜ੍ਹਾ ਦੇ ਬਾਬਲਾ
ਭਾਵੇਂ ਦੇਈ ਨਾ ਦਾਜ ਵਿੱਚ ਗਹਿਣੇ।
ਵਿੱਦਿਆ ਪੜ੍ਹਾ ਦੇ..।

# ਬੜੀ ਮੰਮੀ ਵਿੱਚ ਗੁਆਚੀ ਨਾਨੀ

-ਸ਼ਸ਼ੀ ਲਤਾ-

ਸਿਰ ਉਤੇ ਗਠੜੀ ਚੁੱਕੀ, ਹੱਥ ਵਿੱਚ ਅਖਬਾਰ ਦੇ ਲਿਫਾਫੇ ਵਿੱਚ ਕੋਈ ਖਾਣ ਵਾਲੀ ਚੀਜ਼, ਪੈਰੀਂ ਜੁੱਤੀ ਪੂਰੀ ਮਿੱਟੀ ਨਾਲ ਅੱਟੀ ਹੋਈ ਮੂੰਹ ਉਤੇ ਗਰਦ ਦੀ ਪਰਤ ਚੜ੍ਹੀ ਹੋਈ, ਹੌਲੀ ਹੌਲੀ ਚਾਲ ਤੁਰਦੀ ਸਾਨੂੰ ਬਾਹਰ ਸੜਕ 'ਤੇ ਖੇਡਦਿਆਂ ਨੂੰ ਦੂਰੋਂ ਦਿਸ ਪੈਂਦੀ। ਦੋ ਕੁ ਜਣੇ ਨਾਨੀ ਦੇ ਆਉਣ ਦਾ ਸੁਨੇਹਾ ਬੀਜੀ ਨੂੰ ਜਾ ਕੇ ਦਿੰਦੇ ਤੇ ਇੱਕ ਦੋ ਉਨ੍ਹਾਂ ਨੂੰ ਅੱਗਿਉਂ ਲੈਣ ਭੱਜ ਜਾਂਦੇ। ਸਾਡੀ ਨਜ਼ਰ ਵਾਰ-ਵਾਰ ਉਸ ਦੇ ਹੱਥ ਵਾਲੇ ਲਿਫਾਫੇ ਉੱਤੇ ਜਾਂਦੀ, ਜਿਸ ਵਿੱਚ ਨਾਨੀ ਨੇ ਸਾਡੇ ਲਈ ਖਾਣ ਲਈ ਜਲੇਬੀਆਂ, ਮਿੱਠੀਆਂ ਖਿੱਲਾਂ ਤੇ ਪਤਾਸੇ, ਸ਼ੱਕਰਪਾਰੇ ਪਾਏ ਹੁੰਦੇ ਸਨ। ਘਰ ਪਹੁੰਚ ਕੇ ਨਾਨੀ ਨੇ ਪਹਿਲਾਂ ਸਭ ਦਾ ਸਿਰ ਪਲੋਸਣਾ, ਫਿਰ ਬੀਜੀ ਨੂੰ ਗਲਵਕੜੀ ਪਾ ਕੇ ਮਿਲਦੇ। ਸਾਨੂੰ ਉਲਰਦਿਆਂ ਵੇਖ ਕੇ ਖਾਣ ਵਾਲੀ ਚੀਜ਼ ਵੰਡ ਦੇਣੀ। ਗਠੜੀ ਵਿੱਚ ਵੀ ਬੇਰ ਅਤੇ ਹੋਲਾਂ ਹੁੰਦੀਆਂ, ਜੋ ਦੂਜੀ ਸ਼ਿਫਟ ਵਿੱਚ ਮਿਲਦੀਆਂ।

ਬੁਢਲਾਡੇ ਤੋਂ ਸ਼ਾਇਦ ਪੰਜ-ਛੇ ਕਿਲੋਮੀਟਰ ਦੂਰ ਪੈਂਦਾ ਪਿੰਡ ਬਰ੍ਹੇਂ ਸਾਡੇ ਬੀਜੀ ਦੀ ਮਾਸੀ ਦਾ ਪਿੰਡ ਹੈ। ਬੀਜੀ ਦੀ ਮਾਸੀ ਦਾ ਪਿੰਡ ਵੀ ਸਾਡਾ ਨਾਨਕਾ ਪਿੰਡ ਹੋਇਆ। ਉਨ੍ਹਾਂ ਦਿਨਾਂ ਵਿੱਚ ਉਸ ਪਿੰਡ ਨੂੰ ਬਸ ਨਹੀਂ ਸੀ ਜਾਂਦੀ। ਪਿੰਡ ਤੱਕ ਜਾਂਦਾ ਸਾਰਾ ਰਾਹ ਕੱਚਾ ਸੀ। ਸਾਰੇ ਰਾਹ ਗੋਡੇ-ਗੋਡੇ ਰੇਤਾ, ਤੁਰਦਿਆਂ ਦੇ ਪੈਰ ਧਸਦੇ। ਇੰਨਾ ਰੇਤਾ ਵੇਖ ਕੇ ਮਾਰੂਥਲ ਦਾ ਜਹਾਜ਼ ਊਠ ਚੇਤੇ ਆਉਂਦਾ ਕਿ ਬਈ ਇਥੇ ਉਸੇ ਦੇ ਵੱਸ ਦੀ ਗੱਲ ਹੈ। ਉਦੋਂ ਸਾਰੇ ਲੋਕ ਪੈਦਲ ਪਿੰਡ ਤੱਕ ਪਹੁੰਚਦੇ ਸਨ।

ਜਿੱਥੋਂ ਤੱਕ ਮੈਨੂੰ ਚੇਤੇ ਹੈ, ਨਾਨੀ ਦਾ ਰੰਗ ਸਾਫ, ਤਿੱਖੇ ਨੱਕ ਵਿੱਚ ਬਰੀਕ ਜਿਹੀ ਤੀਲੀ ਪਾਈ ਬੜੀ ਫੱਬਦੀ। ਸਾਡੇ ਬੀਜੀ ਦਸਦੇ ਕਿ ਉਨ੍ਹਾਂ ਨੂੰ ਸਾਫ-ਸੁਥਰੇ ਰਹਿਣ ਦਾ, ਬੋਲੀਆਂ ਜੋੜਨ ਦਾ ਬੜਾ ਸ਼ੌਕ ਸੀ। ਪਿੰਡ ਵਿੱਚ ਕਿਸੇ ਕੁੜੀ ਕਤਰੀ ਦਾ ਵਿਆਹ ਹੁੰਦਾ ਤਾਂ ਨਾਨੀ ਜੰਨ੍ਹ ਬੰਨ੍ਹ ਦੀ ਡਿਊਟੀ ਬਾਖੂਬੀ ਨਿਭਾਉਂਦੀ। ਉਨ੍ਹਾਂ ਦਾ ਇੱਕ ਲੜਕਾ ਸਾਡੇ ਭਰਾਵਾਂ ਦਾ ਹਾਣੀ ਸੀ। ਨਵੀਆਂ ਕਿਤਾਬਾਂ ਲੈਣ ਦਾ ਰਿਵਾਜ ਘੱਟ ਸੀ। ਇਸ ਦਾ ਕਾਰਨ ਘਰ ਦੀ ਤੰਗੀ-ਤੁਰਸ਼ੀ ਵੀ ਹੋ ਸਕਦਾ ਹੈ।

ਸਾਡੇ ਬੀਜੀ ਤੇ ਨਾਨੀ ਜੀ ਸਾਰੀ-ਸਾਰੀ ਰਾਤ ਗੱਲਾਂ ਕਰਦੇ ਰਹਿੰਦੇ। ਸਾਡੇ ਪਿਤਾ ਜੀ ਨੇ ਕਹਿਣਾ, 'ਤੁਸੀਂ ਜਗਰਾਤਾ ਕਰਨੈ, ਤੁਹਾਡੀਆਂ ਹਾਲੇ ਤੱਕ ਗੱਲਾਂ ਨੀ ਮੁੱਕੀਆਂ?' ਨਾਨੀ ਜੀ ਆਖਦੇ, 'ਸਾਊ ਹਾਲੇ ਤਾਂ ਅਸੀਂ ਸੇਰ ਵਿੱਚੋਂ ਪੂਣੀ ਵੀ ਨਹੀਂ ਕੱਤੀ।' ਕਦੇ ਕਦੇ ਨਾਨੀ ਦੇ ਨਾਲ ਜਾਣ ਦੀ ਜ਼ਿੱਦ ਕਰਨੀ। ਬੀਜੀ ਨੇ ਮਨ੍ਹਾ ਕਰਨਾ ਤਾਂ ਨਾਨੀ ਦੇ ਜ਼ੋਰ ਪਾਉਣ 'ਤੇ ਬੀਜੀ ਨੇ ਹਾਂ ਕਰ ਦੇਣੀ। ਸੁਣ ਕੇ ਮੈਨੂੰ ਪੂਰਾ ਚਾਅ ਚੜ੍ਹ ਜਾਣਾ। ਵਾਟ ਭਾਵੇਂ ਤੁਰਨ ਦੀ ਸੀ, ਪਰ ਨਵੇਂ ਥਾਂ ਦਾ ਚਾਅ ਧਰਤੀ ਉੱਤੇ ਪੈਰ ਨਾ ਲੱਗਣ ਦਿੰਦਾ। ਉਨ੍ਹਾਂ ਦਿਨਾਂ ਵਿੱਚ ਕਿਹੜੇ ਬੂਟ ਸੈਂਡਲ ਹੁੰਦੇ। ਉਹ ਕੰਟੇ ਦੀਆਂ ਨਾਸਾਂ ਵਰਗੀਆਂ ਕਾਲੀਆਂ ਲਾਲ ਚੱਪਲਾਂ ਹੁੰਦੀਆਂ ਸਨ। ਮੈਂ ਉਹ ਪਾ ਕੇ ਨਾਨੀ ਦੇ ਨਾਲ-ਨਾਲ ਤੁਰ ਪਈ। ਪਿੰਡ ਨੂੰ ਜਾਂਦੇ ਪਹੇ ਉੱਤੇ ਆ ਕੇ ਚੱਪਲਾਂ ਰੇਤੇ ਵਿੱਚ ਧਸ ਜਾਇਆ ਕਰਨ, ਕਦੇ ਪੈਰਾਂ ਵਿੱਚੋਂ ਨਿਕਲ-ਨਿਕਲ ਜਾਂਦੀਆਂ। ਮੈਂ ਪਿੱਛੇ ਰਹਿ ਜਾਂਦੀ, ਫਿਰ ਚੱਪਲਾਂ ਲਾਹ ਕੇ ਹੱਥ ਵਿੱਚ ਫੜ ਕੇ ਨਾਨੀ ਨਾਲ ਮਸਾਂ ਰਲਦੀ। ਪਹੇ ਦੇ ਦੋਵੇਂ ਪਾਸੇ ਛੋਲਿਆਂ ਦੇ ਬੂਟੇ ਟਾਟਾਂ ਨਾਲ ਲੱਦੇ ਹੋਏ ਹੁੰਦੇ ਸਨ।

ਬੇਰੀਆਂ ਦੇ ਰੁੱਖਾਂ 'ਤੇ ਲਾਲ-ਲਾਲ ਬੇਰ ਝਾਤੀਆਂ ਮਾਰ ਕੇ ਮੇਰੇ ਮੂੰਹ ਵਿੱਚ ਪਾਣੀ ਲਿਆ ਰਹੇ ਸਨ। ਅੱਧ ਕੁ ਜਾ ਕੇ ਸੱਜੇ ਹੱਥ ਇੱਕ ਖੂਹੀ ਸੀ, ਜਿਸ ਤੋਂ ਪਿਆਸੇ ਰਾਹੀਂ ਡੋਲ ਨਾਲ ਪਾਣੀ ਕੱਢ ਕੇ ਪਿਆਸ ਬੁਝਾਉਂਦੇ ਸਨ। ਸਾਰਾ ਕੁਝ ਬੜਾ ਅਜੀਬ ਤੇ ਚੰਗਾ ਚੰਗਾ ਲੱਗਾ। ਨਾਨੀ ਨੇ ਪਾਣੀ ਕੱਢ ਕੇ ਮੈਨੂੰ ਪਿਆਇਆ, ਬੁੱਕ ਨਾਲ ਪਾਣੀ ਪੀਤਾ ਤੇ ਸਾਰੀ ਫਰਾਕ ਭਿਉਂ ਲਈ। ਉਸ ਠੰਢੇ ਪਾਣੀ ਦਾ ਸਵਾਦ ਅੱਜ ਤੱਕ ਯਾਦ ਹੈ। ਕੀ ਰੀਸ ਕਰਨਗੇ ਇਹ ਫਰਿੱਜ਼ ਅਤੇ ਬੋਤਲਾਂ ਦੇ ਪਾਣੀ ਉਸ ਖੂਹ ਦੇ ਪਾਣੀ ਦੀ। ਪਾਣੀ ਪੀ ਕੇ ਮੈਂ ਪੁੱਛਿਆ, ਕਿੰਨੀ ਕੁ ਦੂਰ ਰਹਿ ਗਿਆ ਪਿੰਡ? ਉਨ੍ਹਾਂ ਦੱਸਿਆ ਬੱਸ ਆ ਗਏ ਹੁਣ ਤਾਂ। ਪਿੰਡ ਦੇ ਖੇਤ ਆ ਗਏ, ਨਾਨੀ ਨੇ ਛੋਲਿਆਂ ਦੇ ਇੱਕ-ਦੋ ਬੂਟੇ ਮੇਰੇ ਲਈ ਪੁੱਟ ਕੇ ਦਿੱਤੇ। ਫਿਰ ਪਤਾ ਨਹੀਂ ਇੱਕ ਭਮਲੇ ਜਿਹੇ ਰੰਗ ਦਾ ਸੱਪ ਸਾਡੇ ਕੋਲੋਂ ਦੀ ਭੱਜ ਗਿਆ। ਹਾਲੇ-ਹਾਏ ਕਰਦੀ ਮੈਂ ਨਾਨੀ ਦੀ ਪੈੜ ਵਿੱਚ ਪੈੜ ਧਰਦੀ ਨੇੜੇ ਹੋ ਗਈ। ਮੁੜ-ਮੁੜ ਕੇ ਪਿੱਛੇ ਵੇਖਦੀ ਜਾਵਾਂ। ਪਿੰਡ ਨੇੜੇ ਆਉਂਦਾ ਤਾਂ ਤੁਕ-ਤੁਕ ਆਵਾਜ਼ ਉੱਚੀ ਹੁੰਦੀ ਜਾਂਦੀ ਸੀ। ਪਿੰਡ ਦੇ ਬਾਹਰ ਮਿੱਟੀ ਨਾਲ ਲਿੱਪੇ ਗੁਹਾਰੇ ਰੂੜੀਆਂ ਸਨ। ਗੁਹਾਰਿਆਂ ਕੋਲ ਦੀ ਅਸੀਂ ਪਿੰਡ ਦੇ ਐਨ ਵਿਚਕਾਰ ਘਰ ਪੁੱਜ ਗੇ। ਸਭ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ।

ਅੱਜ ਕੱਲ੍ਹ ਨਾ ਬੇਰੀਆਂ ਰਹੀਆਂ, ਨਾ ਖੂਹੀਆਂ ਨੇ ਤੇ ਨਾ ਛੋਲਿਆਂ ਨਾਲ ਭਰੇ ਖੇਤਾਂ ਦੀਆਂ ਪਾਲਾਂ। ਸਮਾਂ ਬਦਲ ਗਿਐ ਸਭ ਕੁਝ ਬਦਲ ਗਿਐ। ਨਾਨੀ ਸ਼ਬਦ ਤੋਂ ਬੱਚੇ ਨਾਵਾਕਫ ਹਨ। ਉਨ੍ਹਾਂ ਦੀ ਮਾਂ ਦੀ ਮਾਂ ਨਾਨੀ ਨਹੀਂ, ਬੜੀ ਮੰਮੀ ਹੁੰਦੀ ਹੈ। ਤਕਰੀਬਨ ਸਾਰੇ ਘਰਾਂ ਵਿੱਚ ਨਾਨੀ-ਦਾਦੀ ਨੂੰ ਬੜੀ ਮੰਮੀ ਆਖ ਬੁਲਾਉਂਦੇ ਸਨ। ਹੁਣ ਜਦੋਂ ਵੀ ਕੋਈ ਗਠੜੀ ਵਾਲੀ ਔਰਤ ਦਿਸਦੀ ਹੈ ਤਾਂ ਆਪ ਮੁਹਾਰੇ ਉਹੀ ਬਚਪਨ ਵਾਲੇ ਵਾਕ ਜ਼ੁਬਾਨ 'ਤੇ ਆਜਾਂਦੇ ਹਨ, "ਔਹ ਆ ਗਈ ਨਾਨੀ।"

jobs! jobs! jobs! jobs! jobs!

DUNDAS · JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:

* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ

* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton 905-458-4733 (see Kamal)

SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch


Ph: (905)915-1805/(905)799-8822

3380 Airway Dr Mississauga Ontario L4T1V3

# ਮੰਦਰ-ਮਸਜਿਦ ਦਾ ਮੁੱਦਾ ਅਹਿਮ ਜਾਂ ਆਮ ਆਦਮੀ ਦੀ ਰੋਟੀ ਦਾ

-ਰੋਹਿਤ ਕੌਸ਼ਿਕ

ਸੁਪਰੀਮ ਕੋਰਟ ਨੇ ਬੀਤੀ 27 ਸਤੰਬਰ ਨੂੰ ਅਯੁੱਧਿਆ ਭੂਮੀ ਵਿਵਾਦ ਦੀ ਸੁਣਵਾਈ ਮੌਕੇ ਹਾਈ ਕੋਰਟ ਦੇ 1994 ਵਾਲੇ ਇਕ ਫੈਸਲੇ 'ਚ ਕੀਤੀ ਟਿੱਪਣੀ ਨਾਲ ਜੁੜਿਆ ਸਵਾਲ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ। ਹਾਈ ਕੋਰਟ ਨੇ 1994 ਦੇ ਫੈਸਲੇ 'ਚ ਟਿੱਪਣੀ ਕੀਤੀ ਸੀ ਕਿ ਮਸਜਿਦ ਇਸਲਾਮ ਦਾ ਅੰਗ ਨਹੀਂ ਹੈ।



ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਅਯੁੱਧਿਆ ਵਿੱਚ ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦ ਵਿੱਚ ਦੀਵਾਨੀ ਝਗੜੇ ਦਾ ਫੈਸਲਾ ਸਬੂਤਾਂ ਦੇ ਆਧਾਰ 'ਤੇ ਹੋਵੇਗਾ ਅਤੇ 1994 ਦਾ ਫੈਸਲਾ ਇਸ ਮਾਮਲੇ 'ਚ ਢੁੱਕਵਾਂ ਨਹੀਂ ਹੈ। ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦ ਵਿੱਚ ਇਲਾਹਾਬਾਦ ਹਾਈ ਕੋਰਟ ਦੇ ਸਤੰਬਰ 2010 ਦੇ ਫੈਸਲੇ ਵਿਰੁੱਧ ਦਾਇਰ ਅਪੀਲਾਂ ਉੱਤੇ 29 ਅਕਤੂਬਰ ਤੋਂ ਸੁਣਵਾਈ ਹੋਵੇਗੀ। ਸਪੱਸ਼ਟ ਹੈ ਕਿ ਅਯੁੱਧਿਆ ਮਾਮਲੇ ਦਾ ਪ੍ਰੀਖਣ ਸਬੂਤਾਂ ਦੇ ਆਧਾਰ ਉਤੇ ਹੋਵੇਗਾ, ਨਾ ਕਿ ਮਸਜਿਦ ਦੀ ਧਾਰਮਿਕ ਮਹੱਤਤਾ ਦੇ ਆਧਾਰ 'ਤੇ।

ਇਹ ਮੰਦਭਾਗਾ ਹੈ ਕਿ ਮਸਜਿਦ ਦਾ ਢਾਂਚਾ ਡੇਗੇ ਜਾਣ ਤੋਂ ਇੰਨੇ ਸਾਲਾਂ ਬਾਅਦ ਵੀ ਇਸ ਦਾ ਹੱਲ ਨਹੀਂ ਕੱਢਿਆ ਜਾ ਸਕਿਆ, ਪਰ ਇੰਨੇ ਸਾਲਾਂ ਵਿੱਚ ਇਹ ਜ਼ਰੂਰ ਹੋਇਆ ਹੈ ਕਿ ਇਸ ਮੁੱਦੇ ਉਤੇ ਸਿਆਸਤ ਕਰਨ ਵਾਲੇ ਧਾਰਮਿਕ ਅਤੇ ਸਿਆਸੀ ਆਗੂਆਂ ਦੇ ਚਰਿੱਤਰ ਨੂੰ ਲੋਕ ਚੰਗੀ ਤਰ੍ਹਾਂ ਸਮਝ ਗਏ ਹਨ। ਏਸੇ ਲਈ ਅਯੁੱਧਿਆ 'ਚ ਸਮਾਜਿਕ ਤਾਣਾ ਬਾਣਾ ਪਹਿਲਾਂ ਤੋਂ ਵੱਧ ਮਜ਼ਬੂਤ ਹੈ। ਰਾਮ ਜਨਮ ਭੂਮੀ ਵਿਵਾਦ ਨੂੰ ਕਈ ਵਾਰ ਗੱਲਬਾਤ ਨਾਲ ਹੱਲ ਕਰਨ ਦੀ ਕੋਸ਼ਿਸ਼ ਹੋਈ, ਪਰ ਦੋਵਾਂ ਹੀ ਫਰਕਿਆਂ ਦੇ ਸਿਆਸਤਦਾਨਾਂ ਨੇ ਈਮਾਨਦਾਰੀ ਨਹੀਂ ਦਿਖਾਈ। ਇਸ ਉੱਤੇ ਕੁਝ ਨੇਤਾ ਤੇ ਧਾਰਮਿਕ ਆਗੂ ਆਪਣੇ ਬਿਆਨ ਬਦਲਦੇ ਰਹੇ। ਅਜਿਹੇ ਮੁੱਦਿਆਂ 'ਤੇ ਸਿਆਸਤਦਾਨਾਂ ਦੀ ਬਦਲੀ ਹੋਈ ਭਾਸ਼ਾ ਇਸ ਦੇਸ਼ ਦੀ ਸਿਆਸਤ ਦੇ ਉਸ ਚਰਿੱਤਰ ਵੱਲ ਇਸ਼ਾਰਾ ਕਰਦੀ ਹੈ, ਜੋ ਲਗਾਤਾਰ ਆਪਣੀ ਸਹੂਲਤ ਮੁਤਾਬਕ ਬਦਲਦਾ ਰਹਿੰਦਾ ਹੈ।

ਪਿਛਲੇ ਕੁਝ ਸਾਲਾਂ 'ਚ ਹਿੰਦੂ ਤੇ ਮੁਸਲਿਮ ਸੁਆਰਥੀ ਅਨਸਰਾਂ ਨੇ ਜਿਵੇਂ ਦੇਸ਼ ਦੀਆਂ ਬੁਨਿਆਦੀ ਲੋੜਾਂ ਨੂੰ ਨਕਾਰ ਕੇ ਭਾਰਤੀਆਂ ਦਾ ਧਿਆਨ ਮੰਦਰ ਮਸਜਿਦ ਦੇ ਮੁੱਦਿਆਂ ਵੱਲ ਖਿੱਚਿਆ ਹੈ, ਉਸ ਦੀ ਸੋਚੀ ਸਮਝੀ ਰਣਨੀਤੀ ਹੈ। ਤ੍ਰਾਸਦੀ ਇਹ ਹੈ ਕਿ ਇਸ ਦੌਰਾਨ ਮੰਦਰ ਮਸਜਿਦ ਦੇ ਮੁੱਦਿਆਂ ਨਾਲ ਸਭ ਤੋਂ ਵੱਧ ਨੁਕਸਾਨ ਆਮ ਆਦਮੀ ਦਾ ਹੀ ਹੋਇਆ ਹੈ।

ਅਯੁੱਧਿਆ ਅਤੇ ਗੋਧਰਾ ਗੁਜਰਾਤ ਦੀਆਂ ਘਟਨਾਵਾਂ ਤੋਂ ਬਾਅਦ ਸ਼ਾਇਦ ਕਿਸੇ ਨੂੰ ਇਹ ਸਮਝਾਉਣ ਦੀ ਲੋੜ ਨਹੀਂ ਕਿ ਇਨ੍ਹਾਂ ਘਟਨਾਵਾਂ 'ਚ ਦੰਗੇ ਕਰਾਉਣ ਵਾਲਿਆਂ ਦਾ ਕੁਝ ਨਹੀਂ ਵਿਗੜਦਾ, ਆਮ ਆਦਮੀ ਕਾਫੀ ਸਮਾਂ ਇਨ੍ਹਾਂ ਘਟਨਾਵਾਂ ਦਾ ਖਮਿਆਜ਼ਾ ਭੁਗਤਦਾ ਰਹਿੰਦਾ ਹੈ। ਇਸ ਸਮੇਂ ਦੇਸ਼ 'ਚ ਕਈ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਹਨ ਤੇ ਇਸ ਸਥਿਤੀ 'ਚ ਕੋਈ ਵੀ ਫਿਰਕੂ ਤਣਾਅ ਦੇਸ਼ ਨੂੰ ਨਿਵਾਣ 'ਚ ਪਹੁੰਚਾਉਣ ਲਈ ਕਾਫੀ ਹੈ। ਦੇਸ਼ ਦੇ ਕੁਝ ਸੁਆਰਥੀ ਅਨਸਰ ਅਜਿਹੇ ਮੌਕਿਆਂ ਦਾ ਲਾਹਾ ਲੈ ਕੇ ਆਪਣਾ ਉਲੂ ਸਿੱਧਾ ਕਰਨ ਦੀ ਤਾਕ 'ਚ ਹਨ। ਇਨ੍ਹਾਂ ਨੂੰ ਸਭ ਤੋਂ ਵੱਧ ਚਿੰਤਾ ਇਹੋ ਹੈ ਕਿ ਉਨ੍ਹਾਂ ਦਾ ਨੱਕ ਕਿਵੇਂ ਉਚਾ ਰਹੇ? ਇਨ੍ਹਾਂ ਦਾ ਚਰਿੱਤਰ ਸਮੇਂ-ਸਮੇਂ ਜ਼ਾਹਰ ਹੁੰਦਾ ਰਹਿੰਦਾ ਹੈ ਤੇ ਕਈ ਵਾਰ ਇਹ ਚਰਿੱਤਰ ਹੀ ਸਮੱਸਿਆ ਦੇ ਹੱਲ 'ਚ ਰੁਕਾਵਟ ਬਣ ਜਾਂਦਾ ਹੈ। ਇਹ ਅਨਸਰ ਮੰਦਰ ਮਸਜਿਦ ਦੇ ਜਨੂੰਨ ਵਿੱਚ ਗੰਭੀਰ ਸਮੱਸਿਆਵਾਂ ਨਾਲ ਜਕੜੇ ਇਸ ਦੇਸ਼ ਦੇ ਆਮ ਆਦਮੀ ਦੇ ਦੁੱਖ ਦਰਦ ਨਾਲ ਕੋਈ ਸਰੋਕਾਰ ਨਹੀਂ ਰੱਖਦੇ। ਇਹੋ ਵਜ੍ਹਾ ਹੈ ਕਿ ਇਹ ਅਨਸਰ ਗੈਰ ਧਾਰਮਿਕ ਕੰਮ ਕਰਦਿਆਂ ਲੋਕਾਂ ਦੀ ਆਸਥਾ ਅਤੇ ਸ਼ਰਧਾ ਨੂੰ ਢਾਲ ਵਾਂਗ ਇਸਤੇਮਾਲ ਕਰਨਾ ਚਾਹੁੰਦੇ ਹਨ।

ਕੀ ਕਿਸੇ ਦੀ ਸ਼ਰਧਾ ਸਾਹਮਣੇ ਇਕ ਲੋਕਤੰਤਰੀ ਦੇਸ਼ ਦੀ ਨਿਆਂ ਪਾਲਿਕਾ ਦੀ ਕੋਈ ਮਹੱਤਤਾ ਨਹੀਂ ਹੈ? ਸ਼ਰਧਾ ਲੋਕਾਂ ਵਿੱਚ ਭਰੋਸਾ ਪੈਦਾ ਕਰਦੀ ਹੈ। ਉਸੇ ਤਰ੍ਹਾਂ ਕਿਸੇ ਵੀ ਲੋਕਤੰਤਰੀ ਦੇਸ਼ ਦੀ ਨਿਆਂ ਪਾਲਿਕਾ ਦਾ ਕੰਮ ਨਿਆਂ ਦੇ ਜ਼ਰੀਏ ਲੋਕਾਂ 'ਚ ਭਰੋਸਾ ਪੈਦਾ ਕਰਨਾ ਹੁੰਦਾ ਹੈ। ਸਾਨੂੰ ਸਮਝਣਾ ਪਵੇਗਾ ਕਿ ਹਿੰਸਾ ਅਤੇ ਜੁਆਬੀ ਹਿੰਸਾ ਦਾ ਤੱਤ ਦੁਨੀਆ ਦੇ ਕਿਸੇ ਵੀ ਧਰਮ 'ਚ ਨਹੀਂ। ਮਹਾਤਮਾ ਗਾਂਧੀ ਨੇ ਆਪਣੀ ਪ੍ਰਸਿੱਧ ਕਿਤਾਬ 'ਹਿੰਦ ਸਵਰਾਜ' ਵਿੱਚ ਲਿਖਿਆ ਹੈ ਕਿ 'ਹਿੰਦੋਸਤਾਨ 'ਚ ਚਾਹੇ ਜਿਸ ਧਰਮ ਦੇ ਵੀ ਲੋਕ ਰਹਿਣ, ਉਸ ਨਾਲ ਇਹ ਦੇਸ਼ ਮਿਟਣ ਵਾਲਾ ਨਹੀਂ। ਇਸ ਵਿੱਚ ਜੋ ਨਵੇਂ ਲੋਕ ਸ਼ਾਮਲ ਹੁੰਦੇ ਹਨ, ਉਹ ਇਸ ਦੀ ਪਰਜਾ ਨੂੰ ਤੋੜ ਨਹੀਂ ਸਕਦੇ। ਉਹ ਇਸ ਦੀ ਪਰਜਾ 'ਚ ਘੁਲ ਮਿਲ ਜਾਂਦੇ ਹਨ। ਅਜਿਹਾ ਹੋਵੇ, ਤਾਂ ਹੀ ਕੋਈ ਦੇਸ਼ ਇਕ ਰਾਸ਼ਟਰ ਮੰਨਿਆ ਜਾਵੇਗਾ। ਅਜਿਹੇ ਮੁਲਕ 'ਚ ਦੂਜੇ ਲੋਕਾਂ ਨੂੰ ਅਪਣਾਉਣ ਦਾ ਗੁਣ ਹੋਣਾ ਚਾਹੀਦਾ ਹੈ। ਹਿੰਦੋਸਤਾਨ ਪਹਿਲਾਂ ਵੀ ਅਜਿਹਾ ਸੀ ਅਤੇ ਅੱਜ ਵੀ ਹੈ। ਉਂਝ ਤਾਂ ਜਿੰਨੇ ਆਦਮੀ, ਓਨੇ ਧਰਮ ਮੰਨ ਸਕਦੇ ਹਾਂ। ਇਕ ਰਾਸ਼ਟਰ ਬਣ ਕੇ ਰਹਿਣ ਵਾਲੇ ਲੋਕ ਇਕ ਦੂਜੇ ਦੇ ਧਰਮ 'ਚ ਦਖਲ ਨਹੀਂ ਦਿੰਦੇ। ਜੇ ਦਿੰਦੇ ਹਨ ਤਾਂ ਸਮਝਣਾ ਚਾਹੀਦਾ ਹੈ ਕਿ ਉਹ ਇਕ ਰਾਸ਼ਟਰ ਹੋਣ ਦੇ ਲਾਇਕ ਨਹੀਂ। ਜੇ ਹਿੰਦੂ ਮੰਨਣ ਕਿ ਸਾਰਾ ਹਿੰਦੋਸਤਾਨ ਸਿਰਫ ਹਿੰਦੂਆਂ ਦਾ ਭਰਿਆ ਹੋਣਾ ਚਾਹੀਦਾ ਹੈ ਤਾਂ ਇਹ ਨਿਰਾ ਸੁਪਨਾ ਹੈ। ਜੇ ਮੁਸਲਮਾਨ ਮੰਨਣ ਕਿ ਇਸ ਵਿੱਚ ਸਿਰਫ ਮੁਸਲਮਾਨ ਰਹਿਣ ਤਾਂ ਇਸ ਨੂੰ ਵੀ ਸੁਪਨਾ ਸਮਝੋ। ਜੋ ਹਿੰਦੂ, ਮੁਸਲਮਾਨ, ਪਾਰਸੀ, ਈਸਾਈ ਇਸ ਨੂੰ ਆਪਣਾ ਮੰਨ ਕੇ ਇਥੇ ਵਸਦੇ ਹਨ, ਉਹ ਹਮਵਤਨ, ਭਰਾ-ਭਰਾ ਹਨ ਤੇ ਇਕ ਦੂਜੇ ਦੇ ਸੁਆਰਥ ਲਈ ਵੀ ਉਨ੍ਹਾਂ ਨੂੰ ਇਕ ਹੋ ਕੇ ਰਹਿਣਾ ਪਵੇਗਾ।

ਮਹਾਤਮਾ ਗਾਂਧੀ ਦਾ ਲਿਖਿਆ ਇਹ ਵਿਚਾਰ ਨਾ ਸਿਰਫ ਦੇਸ਼ ਦੀ ਸੱਭਿਆਚਾਰਕ ਪ੍ਰੰਪਰਾ 'ਤੇ ਚਾਨਣਾ ਪਾਉਂਦਾ ਹੈ, ਸਗੋਂ ਹਿੰਦੋਸਤਾਨ ਦੀ ਹਜ਼ਾਰਾਂ ਸਾਲ ਪੁਰਾਣੀ ਸਹਿਣਸ਼ੀਲਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਸ ਦੌਰ 'ਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਅੱਜ ਵੀ ਸਾਡੇ ਨੇਤਾਵਾਂ ਦੇ ਮਨ 'ਚ ਹਿੰਦੋਸਤਾਨ ਨੂੰ ਇਕ ਸੂਤਰ 'ਚ ਪਿਰੋਣ ਦੀ ਭਾਵਨਾ ਮਜ਼ਬੂਤ ਹੈ? ਕੁਝ ਨੇਤਾਵਾਂ ਨੂੰ ਫਿਰਕਾਪ੍ਰਸਤੀ ਦੀ ਅੱਗ 'ਚ ਘਿਓ ਪਾਉਂਦੇ ਦੇਖ ਕੇ ਤਾਂ ਉਨ੍ਹਾਂ ਦੀ ਇਸ ਭਾਵਨਾ 'ਤੇ ਸ਼ੱਕ ਹੁੰਦਾ ਹੈ। ਸਵਾਲ ਇਹ ਹੈ ਕਿ ਗਾਂਧੀ ਨੇ ਜਿਸ ਰਾਮਰਾਜ ਦੀ ਕਲਪਨਾ ਕੀਤੀ ਸੀ, ਕੀ ਉਹ ਕਲਪਨਾ ਬਣ ਕੇ ਹੀ ਰਹਿ ਜਾਵੇਗਾ?

ਵਿਚਾਰਨ ਯੋਗ ਸਵਾਲ ਇਹ ਹੈ ਕਿ ਅੱਜ ਸਾਡੇ ਸਾਹਮਣੇ ਮੰਦਰ ਮਸਜਿਦ ਦਾ ਮੁੱਦਾ ਜ਼ਿਆਦਾ ਅਹਿਮ ਹੈ ਜਾਂ ਆਮ ਆਦਮੀ ਦੀ ਰੋਜ਼ੀ ਰੋਟੀ ਦਾ? ਜਿਸ ਦੇਸ਼ 'ਚ ਰੋਜ ਬੇਕਸੂਰ ਲੋਕ ਅੱਤਵਾਦੀਆਂ, ਨਕਸਲੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਰਹੇ ਹੋਣ, ਜਿਸ ਦੇਸ਼ 'ਚ ਬੇਰੋਜ਼ਗਾਰਾਂ ਦੀ ਫੌਜ ਵਧਦੀ ਜਾਂਦੀ ਹੋਵੇ, ਇਸ ਦੇਸ਼ 'ਚ ਕਈ ਲੋਕ ਭੁੱਖੇ ਮਰ ਰਹੇ ਹੋਣ, ਜੋ ਦੇਸ਼ ਵੱਖ-ਵੱਖ ਮੋਰਚਿਆਂ 'ਤੇ ਆਰਥਿਕ ਔਂਕੜਾਂ ਦਾ ਸਾਹਮਣਾ ਕਰ ਰਿਹਾ ਹੋਵੇ, ਲੋਕ ਬਿਜਲੀ, ਸੜਕ, ਪਾਣੀ, ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਲਈ ਤਰਸ ਰਹੇ ਹੋਣ, ਉਥੇ ਮੰਦਰ ਮਸਜਿਦ ਦਾ ਮੁੱਦਾ ਜ਼ਿਆਦਾ ਅਹਿਮ ਹੋ ਸਕਦਾ ਹੈ ਜਾਂ ਆਮ ਆਦਮੀ ਦੀ ਹੋਂਦ ਦਾ? ਏਥੇ ਧਰਮ ਦੇ ਠੇਕੇਦਾਰਾਂ ਨੇ ਧਰਮ ਨੂੰ ਸਭ ਤੋਂ ਵੱਡਾ ਮੁੱਦਾ ਸਮਝਿਆ ਹੈ। ਸ਼ਾਇਦ ਇਸੇ ਲਈ ਦੇਸ਼ ਦੇ ਹੋਰ ਮੁੱਦਿਆਂ ਨੂੰ ਨਕਾਰਦੇ ਹੋਏ ਧਰਮ ਦੇ ਨਾਂ 'ਤੇ ਗੈਰ ਧਾਰਮਿਕ ਕੰਮ ਕਰਨ ਦਾ ਅਧਿਕਾਰ ਵੀ ਉਨ੍ਹਾਂ ਨੂੰ ਪ੍ਰਾਪਤ ਹੈ। ਜੇ ਅਸੀਂ ਨਰ 'ਚ ਨਾਰਾਇਣ ਦੇ ਦਰਸ਼ਨ ਕਰਦਿਆਂ ਇਕ ਆਮ ਆਦਮੀ ਦੀ ਜ਼ਿੰਦਗੀ ਨੂੰ ਬੇਹਤਰ ਬਣਾਉਣ ਬਾਰੇ ਸੋਚਦੇ ਹਾਂ ਤਾਂ ਸ਼ਾਇਦ ਧਰਮ ਦੇ ਠੇਕੇਦਾਰਾਂ ਅਨੁਸਾਰ ਇਹ ਧਰਮ ਨਹੀਂ ਹੈ।

ਧਰਮ ਦੇ ਠੇਕੇਦਾਰਾਂ ਨੂੰ ਇਹ ਕੌਣ ਸਮਝਾਏਗਾ ਕਿ ਦੇਸ਼ ਦਾ ਆਮ ਆਦਮੀ ਆਪਣੇ ਕੰਮ ਨੂੰ ਪੂਜਾ ਜਾਂ ਇਬਾਦਤ ਮੰਨਦਾ ਹੈ। ਜਿਸ ਦਿਨ ਉਹ ਕੰਮ ਨਹੀਂ ਕਰੇਗਾ, ਉਸ ਦਾ ਮੰਦਰ ਜਾਂ ਮਸਜਿਦ ਉਸੇ ਦਿਨ ਡਗਮਗਾਉਣ ਲੱਗੇਗਾ। ਦੇਸ਼ ਦੇ ਆਮ ਆਦਮੀ ਨੂੰ ਅੱਜ ਅਯੁੱਧਿਆ ਵਿੱਚ ਰਾਮ ਮੰਦਰ ਜਾਂ ਮਸਜਿਦ ਬਣਨ ਦੀ ਚਿੰਤਾ ਨਹੀਂ, ਸਗੋਂ ਉਸ ਦੀ ਪਹਿਲੀ ਚਿੰਤਾ ਇਹ ਹੈ ਕਿ ਉਸ ਦੇ ਘਰ ਰੂਪੀ ਮੰਦਰ 'ਚ ਨਰ ਰੂਪੀ ਨਾਰਾਇਣ ਕਿਵੇਂ ਸੁਖੀ ਰਹਿਣਗੇ, ਪਰ ਧਰਮ ਦੇ ਠੇਕੇਦਾਰ ਆਪਣਾ ਹੀ ਰਾਗ ਅਲਾ-ਪਦੇ ਰਹਿੰਦੇ ਹਨ। ਸਮਾਂ ਆ ਗਿਆ ਹੈ ਕਿ ਇਸ ਸਬੰਧ 'ਚ ਸਾਰੀਆਂ ਧਿਰਾਂ ਗੰਭੀਰਤਾ ਤੇ ਸੰਜਮ ਤੋਂ ਕੰਮ ਲੈਣ। ਇਸ ਸਮੇਂ ਦੇਸ਼ ਨੂੰ ਫਿਰਕਾਪ੍ਰਸਤੀ ਦੀ ਅੱਗ ਤੋਂ ਬਚਾਉਣ ਲਈ ਇਕ ਸਾਰਥਕ ਪਹਿਲ ਦੀ ਲੋੜ ਹੈ।

# ਔਰਤਾਂ ਨੂੰ ਵੀ ਬਦਲਣਾ ਪਵੇਗਾ ਆਪਣਾ ਨਜ਼ਰੀਆ

-ਡਾਕਟਰ ਨੀਲਮ ਮਹਿੰਦਰ

ਪਿਛਲੇ ਦਿਨੀਂ ਸੋਸ਼ਲ ਮੀਡੀਆ ਉਤੇ ਵਾਇਰਲ ਹੋਇਆ ਇੱਕ ਵੀਡੀਓ ਕਲਿਪ ਖੂਬ ਸਲਾਹਿਆ ਗਿਆ, ਜਿਸ ਦਾ ਸਿਰਲੇਖ ਸੀ 'ਰਨਲਾਈਕ ਏ ਗਰਲ', 'ਭਾਵ ਇੱਕ ਕੁੜੀ ਵਾਂਗ ਦੌੜੋ'। ਇਸ ਵਿੱਚ 16 ਤੋਂ 28 ਸਾਲ ਦੀਆਂ ਕੁੜੀਆਂ ਜਾਂ ਫਿਰ ਇਸੇ ਉਮਰ ਦੇ ਮੁੰਡਿਆਂ ਨੂੰ ਜਦੋਂ ਕੁੜੀਆਂ ਵਾਂਗ ਦੌੜਨ ਲਈ ਕਿਹਾ ਗਿਆ ਤਾਂ ਮੁੰਡਿਆਂ ਦੀ ਗੱਲ ਛੱਡੋ, ਕੁੜੀਆਂ ਵੀ ਆਪਣੇ ਹੱਥਾਂ ਤੇ ਪੈਰਾਂ ਨਾਲ ਅਜੀਬ-ਅਜੀਬ ਐਕਸ਼ਨ ਕਰਦਿਆਂ ਦੌੜਨ ਲੱਗੀਆਂ। ਕੁੱਲ ਮਿਲਾ ਕੇ ਇਹ ਗੱਲ ਸਾਹਮਣੇ ਆਈ ਕਿ 'ਕੁੜੀਆਂ ਵਾਂਗ ਦੌੜਨ' ਦਾ ਮਤਲਬ 'ਕੁਝ ਅਜੀਬ ਢੰਗ ਨਾਲ' ਦੌੜਨਾ ਹੁੰਦਾ ਹੈ, ਪਰ ਜਦੋਂ ਇੱਕ ਪੰਜ ਸਾਲਾਂ ਦੀ ਬੱਚੀ ਨੂੰ ਪੁੱਛਿਆ ਗਿਆ ਕਿ ਜੇ ਉਸ ਨੂੰ ਕੁੜੀਆਂ ਵਾਂਗ ਦੌੜ ਕੇ ਦਿਖਾਉਣ ਲਈ ਕਿਹਾ ਜਾਵੇ ਤਾਂ ਉਹ ਕਿਵੇਂ ਦੌੜੇਗੀ, ਤਾਂ ਉਸ ਦਾ ਜਵਾਬ ਬਹੁਤ ਸੁੰਦਰ ਸੀ। ਉਸ ਨੇ ਕਿਹਾ, 'ਆਪਣੀ ਪੂਰੀ ਤਾਕਤ ਅਤੇ ਜੋਸ਼ ਨਾਲ।'

ਮਤਲਬ ਸਾਫ ਹੈ ਕਿ ਪੰਜ ਸਾਲ ਦੀ ਬੱਚੀ ਲਈ 'ਦੌੜਨ' ਅਤੇ 'ਕੁੜੀਆਂ ਵਾਂਗ ਦੌੜਨ' ਵਿੱਚ ਕੋਈ ਫਰਕ ਨਹੀਂ, ਪਰ ਇੱਕ ਅਡਲਟ ਲੜਕੇ ਜਾਂ ਲੜਕੀ ਲਈ ਇਨ੍ਹਾਂ ਦੋਵਾਂ ਵਿੱਚ ਬਹੁਤ ਫਰਕ ਹੈ। ਇਥੇ ਗੌਰ ਕਰਨ ਵਾਲੇ ਦੋ ਵਿਸ਼ੇ ਹਨ। ਪਹਿਲਾ ਇਹ ਕਿ ਗੱਲ ਸਿਰਫ ਔਰਤਾਂ ਪ੍ਰਤੀ ਸਮਾਜ ਦੇ ਨਜ਼ਰੀਏ ਦੀ ਹੀ ਨਹੀਂ, ਔਰਤਾਂ ਦੀ ਆਪਣੇ ਪ੍ਰਤੀ ਉਨ੍ਹਾਂ ਦੇ ਖੁਦ ਦੇ ਨਜ਼ਰੀਏ ਦੀ ਵੀ ਹੈ ਤੇ ਦੂਜਾ ਇਹ ਕਿ ਅਜਿਹਾ ਨਜ਼ਰੀਆ ਇੱਕ ਬੱਚੀ ਵਿੱਚ ਨਹੀਂ ਦਿਸਦਾ।

21ਵੀਂ ਸਦੀ ਵਿੱਚ ਅੱਜ ਜਦੋਂ ਅਸੀਂ ਭਾਰਤ ਹੀ ਨਹੀਂ, ਸੰਸਾਰਕ ਮੰਚ 'ਤੇ ਵਰਤਮਾਨ ਦੀ ਇਸ ਮਨੁੱਖੀ ਸਭਿਅਤਾ ਨੂੰ ਦੇਖਦੇ ਹਾਂ ਤਾਂ ਯਕੀਨੀ ਤੌਰ ਉਤੇ ਖੁਦ ਨੂੰ ਇਤਿਹਾਸ 'ਚ ਅੱਜ ਤੱਕ ਦੀ ਸਭ ਤੋਂ ਵਿਕਸਿਤ ਸਭਿਅਤਾ ਹੋਣ ਦਾ ਦਰਜਾ ਦਿੰਦੇ ਹਾਂ। ਫਿਰ ਵੀ ਜਦੋਂ ਇਸ ਕਥਿਤ ਵਿਕ-ਸਿਤ ਸਭਿਅਤਾ ਵਿੱਚ ਲਿੰਗਿਕ ਬਰਾਬਰੀ ਦੀ ਗੱਲ ਆਉਂਦੀ ਹੈ ਤਾਂ ਹਾਲਾਤ ਸਿਰਫ ਭਾਰਤ ਨਹੀਂ, ਸਮੁੱਚੀ ਦੁਨੀਆ ਵਿੱਚ ਬੇਹੱਦ ਨਿਰਾਸ਼ ਕਰਨ ਵਾਲੇ ਹਨ। ਅਸਲ ਵਿੱਚ ਗੱਲ ਇਹ ਹੈ ਕਿ ਅੱਜ ਵੀ ਔਰਤਾਂ ਨੂੰ ਉਨ੍ਹਾਂ ਦੀ 'ਯੋਗਤਾ' ਦੇ ਆਧਾਰ ਉੱਤੇ ਨਹੀਂ, ਸਗੋਂ ਔਰਤ ਹੋਣ ਦੇ ਆਧਾਰ ਉੱਤੇ ਲਿਆ ਜਾਂਦਾ ਹੈ। ਅੱਜ ਵੀ ਦੇਖਿਆ ਜਾਵੇ ਤਾਂ ਦੁਨੀਆ ਵਿੱਚ ਅਹਿਮ ਅਤੇ ਉਚ ਅਹੁਦਿਆਂ 'ਤੇ ਔਰਤਾਂ ਦੀ ਨਿਯੁਕਤੀ ਨਾ ਬਰਾਬਰ ਹੈ। ਇਹ ਸਥਿਤੀ ਦੁਨੀਆ ਦੇ ਲਗਭਗ ਹਰ ਦੇਸ਼ ਵਿੱਚ ਹੈ, ਕਿਉਂਕਿ ਖੁਦ ਨੂੰ 'ਬਰਾਬਰੀ ਵਾਲਾ ਸਮਾਜ' ਕਹਿਣ ਵਾਲਾ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਵੀ ਅੱਜ ਤੱਕ ਆਪਣੀ ਮਹਿਲਾ ਰਾਸ਼ਟਰਪਤੀ ਨਹੀਂ ਚੁਣ ਸਕਿਆ। ਜਿਨ੍ਹਾਂ ਅਹੁਦਿਆਂ 'ਤੇ ਔਰਤਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ, ਉਥੇ ਉਨ੍ਹਾਂ ਨੂੰ ਉਸੇ ਕੰਮ ਲਈ ਮਰਦਾਂ ਮੁਕਾਬਲੇ ਘੱਟ ਤਨਖਾਹ ਦਿੱਤੀ ਜਾਂਦੀ ਹੈ।

ਇਥੇ ਸ਼ਾਇਦ ਇਹ ਜਾਣਨਾ ਦਿਲਚ-ਸਪ ਹੋਵੇਗਾ ਕਿ ਪਿੱਛੇ ਜਿਹੇ ਦੁਨੀਆ ਵਿੱਚ ਔਰਤਾਂ ਦੀ ਮੌਜੂਦਾ ਸਮਾਜਕ ਸਥਿਤੀ ਬਾਰੇ ਇੱਕ ਰਿਪੋਰਟ ਸਾਹ-ਮਣੇ ਆਈ ਕਿ ਬ੍ਰਿਟੇਨ ਵਰਗੇ ਵਿਕਸਿਤ ਦੇਸ਼ 'ਚ ਵੀ ਵੱਡੀਆਂ-ਵੱਡੀਆਂ ਕੰਪਨੀਆਂ ਵਿੱਚ ਔਰਤਾਂ ਨੂੰ ਉਸੇ ਕੰਮ ਲਈ ਮਰਦਾਂ ਦੇ ਮੁਕਾਬਲੇ ਘੱਟ ਤਨਖਾਹ ਦਿੱਤੀ ਜਾਂਦੀ ਹੈ। ਜਦ ਇਨ੍ਹਾਂ ਕਥਿਤ ਉਦਾਰ ਅਤੇ ਆਧੁਨਿਕ ਸਮਾਜਾਂ ਵਿੱਚ ਔਰਤਾਂ ਦੀ ਇਹ ਸਥਿਤੀ ਹੈ ਤਾਂ ਭਾਰਤ 'ਚ ਸਾਡੇ ਲਈ ਸਮਾਜ ਵੱਲੋਂ ਇਹ ਸਮਝਣਾ ਜ਼ਰੂਰੀ ਹੈ ਕਿ ਉਨ੍ਹਾਂ ਦੇਸ਼ਾਂ ਦੀ 'ਉਦਾਰ ਤੇ ਆਧੁਨਿਕ ਸੋਚ' ਸਿਰਫ ਔਰਤਾਂ ਦੇ ਪਹਿਰਾਵੇ ਤੇ ਖਾਣ-ਪੀਣ ਤੱਕ ਸੀਮਿਤ ਹੈ। ਗੱਲ ਜਦੋਂ ਉਨ੍ਹਾਂ ਪ੍ਰਤੀ ਨਜ਼ਰੀਏ ਤੇ ਆਚਰਣ ਦੀ ਆਉਂਦੀ ਹੈ ਤਾਂ ਉਨ੍ਹਾਂ ਦੇਸ਼ਾਂ ਵਿੱਚ ਵੀ ਲਿੰਗਿਕ ਬਰਾਬਰੀ ਨਜ਼ਰ ਨਹੀਂ ਆਉਂਦੀ।

ਸਭ ਤੋਂ ਅਹਿਮ ਪਹਿਲੂ ਇਹ ਹੈ ਕਿ ਸਾਡੇ ਲਈ ਇਹ ਤਸੱਲੀ ਵਾਲਾ ਵਿਸ਼ਾ ਨਾ ਹੋ ਕੇ ਡੂੰਘੇ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਕਿ ਆਖਿਰ ਅਜਿਹਾ ਕਿਉਂ ਹੈ? ਜਦੋਂ ਅਸੀਂ ਸੋਚਾਂਗੇ ਤਾਂ ਪਤਾ ਲੱਗੇਗਾ ਕਿ ਅਸਲ ਵਿੱਚ ਸਮਾਜ ਵਜੋਂ ਸਾਡੀ ਇਸ ਮਾਨਸਿਕ ਸਥਿਤੀ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹਨ। ਜੇ ਇਸ ਸੋਚ ਦੀਆਂ ਜੜ੍ਹਾਂ ਨੂੰ ਲੱਭਾਂਗੇ ਤਾਂ ਦੇਖਾਂਗੇ ਕਿ ਇਸ ਸੋਚ ਦੇ ਬੀਜ ਅਸੀਂ ਆਪਣੇ ਬੱਚਿਆਂ 'ਚ ਨਾ ਸਿਰਫ ਖੁਦ ਹੀ ਬੀਜਦੇ ਹਾਂ, ਸਗੋਂ ਉਨ੍ਹਾਂ ਨੂੰ ਲਗਾਤਾਰ ਪਾਲਦੇ ਵੀ ਹਾਂ। ਜਦੋਂ ਇਹ ਬੱਚੇ ਬਚਪਨ ਤੋਂ ਕੁਝ ਸਮਝਣ ਲਾਇਕ ਹੋ ਜਾਂਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਕਹਾਣੀਆਂ ਸੁਣਾਉਂਦੇ ਹਾਂ ਤੇ ਜਦੋਂ ਪੜ੍ਹਨ ਲਾਇਕ ਹੋ ਜਾਣ ਤਾਂ ਉਨ੍ਹਾਂ ਨੂੰ ਕਿਤਾਬਾਂ ਫੜਾ ਦਿੰਦੇ ਹਾਂ। ਤੁਹਾਨੂੰ ਸ਼ਾਇਦ ਇਹ ਅਜੀਬ ਲੱਗੇ, ਪਰ ਇਨ੍ਹਾਂ ਕਹਾਣੀਆਂ ਨਾਲ ਅਣਜਾਣਪੁਣੇ 'ਚ ਅਸੀਂ ਅਜਿਹੀ ਮਾਨਸਿਕਤਾ ਦੇ ਬੀਜ ਬੱਚਿਆਂ ਦੇ ਮਨ ਵਿੱਚ ਬੀਜ ਦਿੰਦੇ ਹਾਂ, ਜਿਵੇਂ ਇੱਕ ਦੂਸਰੇ ਤੇ ਨਾਜ਼ੁਕ ਜਿਹੀ ਰਾਜਕੁਮਾਰੀ ਨੂੰ ਇੱਕ ਰਾਖਸ਼ ਲੈ ਜਾਂਦਾ ਹੈ, ਜਿਸ ਦੀ ਕੈਦ 'ਚੋਂ ਉਸ ਨੂੰ ਇੱਕ ਤਾਕਤਵਰ ਰਾਜਕੁਮਾਰ ਆ ਕੇ ਬਚਾਉਂਦਾ ਹੈ। ਬੱਚਿਆਂ ਦੇ ਮਨ 'ਚ ਅਜਿਹੀਆਂ ਕਹਾਣੀਆਂ ਕਿਸ ਮਾਨਸਿਕਤਾ ਦੇ ਬੀਜ ਬੀਜਦੀਆਂ ਹੋਣਗੀਆਂ।

ਸ਼ਾਇਦ ਅਸੀਂ ਸਮਝ ਰਹੇ ਹਾਂ ਕਿ ਇੱਕ ਪੰਜ ਸਾਲਾਂ ਦੀ ਬੱਚੀ ਅਤੇ ਇੱਕ ਬਾਲਗ ਮੁੰਡੇ ਜਾਂ ਕੁੜੀ ਦੀ ਸੋਚ 'ਚ ਕੀ ਫਰਕ ਹੈ। ਇਹ ਫਰਕ ਅਸੀਂ ਨਹੀਂ ਪਾਉਂਦੇ ਹਾਂ ਅਤੇ ਸਮਾਂ ਪਾ ਕੇ ਇਹ ਫਰਕ ਸਮਾਜ ਵਿੱਚ ਵੀ ਦਿਖਾਈ ਦਿੰਦਾ ਹੈ। ਇਸ ਲਈ ਇੱਕ ਸੱਭਿਅਕ ਤੇ ਵਿਕਸਿਤ ਸਮਾਜ ਦੇ ਰੂਪ ਵਿੱਚ ਸਾਡੇ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਸਿਰਫ ਸਮਾਜ ਹੀ ਨਹੀਂ, ਸਗੋਂ ਔਰਤਾਂ ਨੂੰ ਵੀ ਖੁਦ ਆਪਣੇ ਪ੍ਰਤੀ ਨਜ਼ਰੀਆ ਬਦਲਣ ਦੀ ਲੋੜ ਹੈ। ਸਭ ਤੋਂ ਪਹਿਲੀ ਤੇ ਅਹਿਮ ਗੱਲ ਇਹ ਹੈ ਕਿ ਔਰਤ ਹੋਣ ਦਾ ਅਰਥ 'ਅਬਲਾ' ਹੋਣਾ ਨਹੀਂ ਹੁੰਦਾ ਤੇ ਨਾ ਕੁਝ 'ਸਟੀਰੀਓਟਾਈਪ' ਹੋਣਾ ਹੁੰਦਾ ਹੈ, ਸਗੋਂ ਔਰਤ ਹੋਣਾ 'ਕੁਝ ਖਾਸ' ਹੁੰਦਾ ਹੈ, ਜੋ ਸਮਾਜ ਦੀ ਸੋਚ ਬਦਲ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
Body Centre
WE DEAL WITH ALL INSURANCE COMPANIES
Inderjit Singh
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
Low Down payment/Flexible Terms
Large Inventory of New Trucks & Trailers
Quick Approvals
Honest Service
Best Rate in Town
Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE Photo Not Available $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $859,900 Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

# ਕੈਨੇਡਾ ਦੇ ਵਿਰੋਧੀ ਧਿਰ ਦੇ ਨੇਤਾ ਐਂਡਰਿਊ 10 ਨੂੰ ਪੰਜਾਬ ਦੌਰੇ 'ਤੇ ਸਟੇਟ ਗੈਸਟ ਬਣਨਗੇ




ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਕੈਨੇਡਾ ਦੇ ਵਿਰੋਧੀ ਨੇਤਾ ਐਂਡਰਿਊ ਸ਼ੀਰ 10 ਅਕਤੂਬਰ ਨੂੰ ਪੰਜਾਬ ਦੌਰੇ 'ਤੇ ਆ ਰਹੇ ਹਨ, ਜਿਸ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਉਨ੍ਹਾਂ ਦਾ ਸਟੇਟ ਗੈਸਟ ਵਜੋਂ ਸਵਾਗਤ ਕਰੇਗੀ।

ਮਿਲੀ ਜਾਣਕਾਰੀ ਅਨੁਸਾਰ ਐਂਡਰਿਊ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਦੇ ਇਲਾਵਾ ਅੰਮ੍ਰਿਤਸਰ ਜਾਣ ਦਾ ਵੀ ਪ੍ਰੋਗਰਾਮ ਹੈ। ਉਨ੍ਹਾਂ ਨੂੰ ਪੰਜਾਬ ਆਉਣ ਦਾ ਸੱਦਾ ਪੰਜਾਬ ਕਾਂਗਰਸ ਦੇ ਉਪ ਪ੍ਰਧਾਨ ਅਤੇ ਸਾਬਕਾ ਵਿਧਾਇਕ ਕੇਵਲ ਸਿੰਘ ਢਿੱਲੋਂ ਨੇ ਦਿੱਤਾ ਸੀ। ਢਿੱਲੋਂ ਨੇ ਹੀ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਨਾਲ ਉਨ੍ਹਾਂ ਦੀ ਬੈਠਕ ਤੈਅ ਕਰਵਾਈ ਹੈ। ਕੇਵਲ ਸਿੰਘ ਢਿੱਲੋਂ ਮੁੱਖ ਮੰਤਰੀ ਦੇ ਨਜ਼ਦੀਕੀ ਮਿੱਤਰਾਂ 'ਚੋਂ ਮੰਨੇ ਜਾਂਦੇ ਹਨ, ਉਨ੍ਹਾਂ ਦੇ ਰਿਸ਼ਤੇਦਾਰ ਕੈਨੇਡਾ ਵਿੱਚ ਹਨ। ਉਨ੍ਹਾਂ ਦੇ ਰਾਹੀਂ ਐਂਡਰਿਊ ਦਾ ਪੰਜਾਬ ਦੌਰਾ ਤੈਅ ਹੋਇਆ ਸੀ। ਐਂਡਰਿਊ ਦੇ ਦੌਰੇ ਸਮੇਂ ਢਿੱਲੋਂ ਉਨ੍ਹਾਂ ਦੇ ਨਾਲ ਰਹਿਣਗੇ। ਐਂਡਰਿਊ ਇਸ ਸਮੇਂ ਕੈਨੇਡਾ ਦੇ ਪਾਰਲੀਮੈਂਟ ਮੈਂਬਰ ਵੀ ਹਨ। ਮੁੱਖ ਮੰਤਰੀ ਦੇ ਨਾਲ ਮੁਲਾਕਾਤ ਦੌਰਾਨ ਕੈਨੇਡਾ ਅਤੇ ਪੰਜਾਬ ਦੇ ਦੋ ਪੱਖੀ ਸੰਬੰਧਾਂ ਨੂੰ ਮਜ਼ਬੂਤ ਬਣਾਉਣ 'ਤੇ ਵੀ ਚਰਚਾ ਹੋਵੇਗੀ।

ਸਰਕਾਰੀ ਹਲਕਿਆਂ ਮੁਤਾਬਕ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਦੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਨੂੰ ਕਿਹਾ ਹੈ ਕਿ ਕੈਨੇਡਾ ਦੇ ਵਿਰੋਧੀ ਨੇਤਾ ਦੇ ਪੰਜਾਬ ਦੌਰੇ ਦੌਰਾਨ ਰਾਜ ਸਰਕਾਰ ਵੱਲੋਂ ਸਮੁੱਚੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਇਸ ਸੰਬੰਧ ਵਿੱਚ ਸੁਰੱਖਿਆ ਅਧਿਕਾਰੀਆਂ ਨੂੰ ਵੀ ਸੂਚਿਤ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਐਂਡਰਿਊ ਨੇ ਮੁੱਖ ਮੰਤਰੀ ਨੂੰ ਇਕ ਪੱਤਰ ਭੇਜਿਆ ਸੀ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਵਿਚ ਆਪਣੇ ਪ੍ਰੋਗਰਾਮਾਂ ਦਾ ਵਰਨਣ ਕੀਤਾ ਸੀ। ਮੁੱਖ ਮੰਤਰੀ ਨੇ ਐਂਡਰਿਊ ਨੂੰ ਚੰਡੀਗੜ੍ਹ ਅੰਮ੍ਰਿਤਸਰ ਲੈ ਜਾਣ ਲਈ ਸਰਕਾਰੀ ਹੈਲੀਕਾਪਟਰ ਹਾਸਲ ਕਰਵਾਉਣ ਦੇ ਹੁਕਮ ਦਿੱਤੇ ਹਨ। ਅਜਿਹਾ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੈਨੇਡਾ ਵਿੱਚ ਵਸੇ ਪ੍ਰਵਾਸੀ ਪੰਜਾਬੀਆਂ ਨੂੰ ਵੀ ਇਕ ਚੰਗਾ ਸੰਦੇਸ਼ ਦੇਣਾ ਚਾਹੁੰਦੇ ਹਨ।

# ਯੂ ਐਨ ਦੇ ਮੁਖੀ ਨੇ ਕਿਹਾ: ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਬੇਹੱਦ ਖ਼ੁਸ਼ੀ ਹੋਈ



ਅੰਮ੍ਰਿਤਸਰ, 4 ਅਕਤੂਬਰ (ਪੋਸਟ ਬਿਊਰੋ)- ਯੂ ਐਨ ਦੇ ਸੈਕਟਰੀ ਜਨਰਲ ਐਂਟੋਨੀਓ ਗੁਟਰੇਸ ਨੇ ਕੱਲ੍ਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮ-ਸਤਕ ਹੋਣ ਉਪਰੰਤ ਸੂਚਨਾ ਕੇਂਦਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ 'ਪਵਿੱਤਰ ਅਸਥਾਨ ਅਤੇ ਸ਼ਾਂਤੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਮੈਨੂੰ ਬੇਹੱਦ ਖ਼ੁਸ਼ੀ ਹੋਈ ਹੈ ਤੇ ਮੈਂ ਸਿੱਖ ਕੌਮ, ਜੋ ਵਿਸ਼ਵ ਭਰ ਵਿੱਚ ਵਸੀ ਹੋਈ ਹੈ, ਨੂੰ ਦਿਲੋਂ ਸਤਿਕਾਰ ਭੇਟ ਕਰਦਾ ਹਾਂ।'

ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਵਿਖੇ ਪਹਿਲੀ ਵਾਰ ਆਏ ਗੁਟਰੇਸ ਨੇ ਕਿਹਾ ਕਿ ਉਹ ਹੋਰ ਵੀ ਧਰਮਾਂ ਦੇ ਧਾਰਮਿਕ ਸਥਾਨਾਂ 'ਤੇ ਜਾ ਚੁੱਕੇ ਹਨ, ਪਰ ਇਹ ਅਦੁੱਭਤ ਨਜ਼ਾਰਾ ਨਾ ਭੁੱਲਣ ਯੋਗ ਹੈ ਅਤੇ ਜੋ ਸਤਿਕਾਰ ਤੇ ਪਿਆਰ ਮੈਨੂੰ ਇਥੇ ਮਿਲਿਆ ਹੈ, ਮੈਂ ਉਸ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਇਸ ਤੋਂ ਪਹਿਲਾਂ ਸੈਕਟਰੀ ਜਨਰਲ ਗੁਟਰੇਸ ਦਾ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਚੀਫ ਸੈਕਟਰੀ ਡਾ. ਰੂਪ ਸਿੰਘ ਨੇ ਸਵਾਗਤ ਕੀਤਾ ਤੇ ਵਾਪਸੀ ਸਮੇਂ ਉਨ੍ਹਾਂ ਨੂੰ ਜੂਨ 1984 ਵਿੱਚ ਇਸ ਅਸਥਾਨ ਵਿਖੇ ਹੋਏ ਫੌਜੀ ਹਮਲੇ ਅਤੇ ਨਵੰਬਰ 1984 ਵਿੱਚ ਦਿੱਲੀ ਤੇ ਹੋਰਨਾਂ ਥਾਵਾਂ ਉੱਤੇ ਸਿੱਖ ਨਸਲਕੁਸ਼ੀ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਸਮੇਤ ਕਈ ਮਸਲਿਆਂ ਸਬੰਧੀ ਇਕ ਮੰਗ ਪੱਤਰ ਵੀ ਦਿੱਤਾ। ਗੁਟਰੇਸ ਪਹਿਲਾਂ ਸ੍ਰੀ ਗੁਰੂ ਰਾਮਦਾਸ ਲੰਗਰ ਗਏ ਅਤੇ ਉਥੇ ਪੰਗਤ ਵਿੱਚ ਬੈਠ ਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਸ਼ਖਸੀਅਤਾਂ ਨਾਲ ਗੁਰੂ ਕਾ ਲੰਗਰ ਛਕਿਆ। ਉਨ੍ਹਾਂ ਆਮ ਸ਼ਰਧਾਲੂਆਂ ਵਾਂਗ ਕੜਾਹ ਪ੍ਰਸਾਦ ਦੀ ਦੇਗ ਕਰਵਾ ਕੇ ਅਤੇ ਰੁਪਏ ਭੇਟ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੀ ਸਰਦਲ 'ਤੇ ਸੀਸ ਨਿਵਾਇਆ। ਇਸ ਮੌਕੇ ਉਨ੍ਹਾਂ ਨੂੰ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਓ ਭੇਟ ਕੀਤਾ। ਬਾਅਦ 'ਚ ਕੜਾਹ ਪ੍ਰਸਾਦ ਦੀ ਦੇਗ ਛਕਣ ਉਪਰੰਤ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਦਰਸ਼ਨ ਕਰਨ ਵੀ ਗਏ।

# 10 ਸਾਲ ਪਹਿਲਾ ਜੱਜ ਟਰਮੀਨੇਟ ਕਰਨ ਦਾ ਫੈਸਲਾ ਹਾਈ ਕੋਰਟ ਨੇ ਰੱਦ ਕੀਤਾ

ਚੰਡੀਗੜ੍ਹ, 4 ਅਕਤੂਬਰ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਅਹਿਮ ਫੈਸਲੇ ਵਿੱਚ ਇਕ ਜੱਜ ਨੂੰ ਬਰਖਾਸਤ ਕਰਨ ਦਾ 10 ਸਾਲ ਪੁਰਾਣਾ ਫੈਸਲਾ ਰੱਦ ਕਰ ਕੇ ਉਨ੍ਹਾਂ ਨੂੰ ਬਹਾਲ ਕਰ ਦਿੱਤਾ ਹੈ। ਇਸ ਕੇਸ ਵਿੱਚ ਹਾਈ ਕੋਰਟ ਨੇ ਕਾਰਵਾਈ ਕਰਨ ਵਾਲੇ ਆਪਣੇ ਦੋ ਜੱਜਾਂ ਅਤੇ ਪ੍ਰਸ਼ਾਸਨਿਕ ਹੁਕਮਾਂ ਵਿੱਚ ਵੀ ਕਮੀ ਮਹਿਸੂਸ ਕੀਤੀ ਹੈ। ਪਟੀਸ਼ਨਰ ਦੀ ਸਾਰੇ ਲਾਭ ਦੇਣ ਦੀ ਮੰਗ ਵੀ ਹਾਈ ਕੋਰਟ ਨੇ ਮਨਜ਼ੂਰ ਕਰ ਲਈ ਹੈ।

ਅਮਰੀਸ਼ ਕੁਮਾਰ ਜੈਨ ਨੇ ਸਾਲ 2009 ਵਿੱਚ ਦਾਇਰ ਕੀਤੀ ਆਪਣੀ ਪਟੀਸ਼ਨ ਵਿੱਚ ਜੂਨ 2008 ਦੀ ਏ ਸੀ ਆਰ ਅਤੇ ਨਵੰਬਰ 2008 ਦੇ ਹੁਕਮ ਰੱਦ ਕਰਨ ਦੀ ਮੰਗ ਕੀਤੀ ਸੀ, ਜਿਸ ਵਿੱਚ ਪੀ ਸੀ ਐਸ (ਜੁਡੀਸ਼ਲ ਬਰਾਂਚ) ਦੇ ਮੈਂਬਰ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪਟੀਸ਼ਨਰ ਓਦੋਂ ਪ੍ਰੋਬੇਸ਼ਨਰ ਸੀ। ਓਦੋਂ ਦੇ ਜ਼ਿਲਾ ਤੇ ਸੈਸ਼ਨ ਜੱਜ ਨੂੰ ਉਨ੍ਹਾਂ ਨੂੰ ਦਿਸ਼ਾ ਦਿਖਾਉਣੀ ਚਾਹੀਦੀ ਸੀ। ਹਾਈ ਕੋਰਟ ਨੇ ਕਿਹਾ ਕਿ ਪਟੀਸ਼ਨਰ ਦੀ ਏ ਸੀ ਆਰ ਵਿੱਚ ਉਲਟ ਰਿਮਾਰਕਸ ਦੇਣਾ ਕੋਈ ਸਹੀ ਕੰਮ ਨਹੀਂ ਹੈ। ਅਜਿਹੇ ਵਿੱਚ 2007-08 ਦੀ ਸੰਬੰਧਤ ਏ ਸੀ ਆਰ ਨੂੰ ਰੱਦ ਕਰ ਦਿੱਤਾ ਗਿਆ। ਇਸ ਸੰਬੰਧ ਵਿੱਚ ਹਾਈ ਕੋਰਟ ਨੇ ਨਵੰਬਰ 2008 ਵਿੱਚ ਇਸ ਮਾਮਲੇ ਵਿੱਚ ਫੁਲ ਕੋਰਟ ਵੱਲੋਂ ਦਿੱਤੇ ਗਏ ਫੈਸਲੇ ਨੂੰ ਵੀ ਰੱਦ ਕਰ ਦਿੱਤਾ ਹੈ।

# ਮੋਗਾ ਪਾਰਸਲ ਬੰਬ ਧਮਾਕੇ ਦਾ ਦੋਸ਼ੀ ਉੜੀਸਾ ਦੀ ਜੇਲ੍ਹ ਤੋਂ ਕਾਬੂ



ਮੋਗਾ, 4 ਅਕਤੂਬਰ (ਪੋਸਟ ਬਿਊਰੋ)- ਇਥੇ ਚੈਂਬਰ ਰੋਡ ਉਤੇ 9 ਦਿਨ ਪਹਿਲਾਂ ਕੁਰੀਅਰ ਦੀ ਦੁਕਾਨ 'ਚ ਹੋਏ ਪਾਰਸਲ ਬੰਬ ਧਮਾਕੇ ਦੇ ਦੋਸ਼ੀ ਨੂੰ ਉੜੀਸਾ ਪੁਲਸ ਦੀ ਮਦਦ ਨਾਲ ਗ੍ਰਿਫਤਾਰ ਕੀਤਾ ਗਿਆ ਹੈ।

ਪਤਾ ਲੱਗਾ ਹੈ ਕਿ ਰੁੜਕੇਲਾ (ਉੜੀਸਾ) ਦੇ ਪਲਾਂਟ ਸਾਈਟ ਦੇ ਮੁਖੀ ਉਪੇਂਦਰ ਪ੍ਰਧਾਨ ਅਤੇ ਡੀ ਐਸ ਪੀ ਹਰਿੰਦਰ ਸਿੰਘ ਡੋਡ, ਵਧੀਕ ਐਸ ਐਚ ਓ ਵੇਦ ਪ੍ਰਕਾਸ਼, ਥਾਣਾ ਸਿਟੀ ਦੱਖਣੀ ਮੁਖੀ ਜਤਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਨੇ ਮੋਬਾਈਲ ਉੱਤੇ ਦੋਸ਼ੀ ਰਾਜ ਰਾਜਵੀਰ ਨਾਰਾਇਣ ਦੀ ਲੋਕੇਸ਼ਨ ਦਾ ਪਤਾ ਲਾਇਆ ਅਤੇ ਉਸ ਨੂੰ ਫੜ ਲਿਆ ਹੈ। ਇਸ ਤੋਂ ਪਹਿਲਾਂ ਪੰਜਾਬ ਪੁਲਸ ਦੀਟੀਮ ਨੇ ਰੁੜਕੇਲਾ (ਉੜੀਸਾ) ਦੇ ਐਸ ਪੀ ਡਾ. ਉਮਾ ਸ਼ੰਕਰ ਦਾਸ ਨੂੰ ਸਾਰੀ ਘਟਨਾ ਬਾਰੇ ਦੱਸ ਦਿੱਤਾ ਸੀ। ਦੋਸ਼ੀ ਨੂੰ ਓਥੋਂ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਪੰਜ ਦਿਨ ਦੇ ਪੁਲਸ ਰਿਮਾਂਡ ਉਤੇ ਭੇਜ ਦਿੱਤਾ। ਪੁਲਸ ਨੂੰ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਵਾਰਦਾਤ ਪਿੱਛੇ ਵੱਡਿਆਂ ਦੀ ਜਾਇਦਾਦ ਦਾ ਵਿਵਾਦ ਹੈ ਅਤੇ ਅਸਲ ਦੋਸ਼ੀ ਨੇ ਬਦਲੇ ਦੀ ਭਾਵਨਾ ਨਾਲ ਪਾਰਸਲ ਬੰਬ ਨਾਲ ਰਿਸ਼ਤੇਦਾਰ ਨੂੰ ਉਡਾਉਣ ਦੀ ਯੋਜਨਾ ਬਣਾਈ ਸੀ।

ਸੰਗਰੂਰ ਦੇ ਵਪਾਰੀ ਭੂਪੇਸ਼ ਨਾਰਾਇਣ ਨੇ ਦੱਸਿਆ ਕਿ ਰਾਜਾ ਰਾਜਵੀਰ ਨਾਰ-ਾਇਣ (52) ਉਸ ਦਾ ਚਚੇਰਾ ਭਰਾ ਹੈ ਅਤੇ ਉਹ ਛੋਟੀ ਉਮਰ ਵਿੱਚ ਉੜੀਸਾ ਚਲਾ ਗਿਆ ਸੀ, ਜਿਥੇ ਉਹ ਪੰਜਾਬੀ ਫਿਲਮਾਂ ਦੇ ਕੈਮਰਾਮੈਨ ਦਾ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਸੰਗਰੂਰ ਵਿੱਚ ਪੁਰਖਿਆਂ ਦਾ ਮਕਾਨ ਹੈ ਅਤੇ ਇਸੇ ਮਕਾਨ ਲਈ ਉਸ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਘੜੀ ਗਈ ਸੀ। ਪੀੜਤ ਨੇ ਦਾਅਵਾ ਕੀਤਾ ਕਿ ਦੋਸ਼ੀ ਨੂੰ ਇਹ ਪਤਾ ਸੀ ਕਿ ਉਸ ਦੀ ਸੱਸ ਰਾਨੂੰ ਨਗੌਰੀਆ, ਜਿਸ ਦਾ 19 ਜੂਨ 2016 ਨੂੰ ਕਤਲ ਹੋ ਗਿਆ ਸੀ, ਦੇ ਕੇਸ ਵਿੱਚ ਮੋਗਾ ਜ਼ਿਲੇ ਦੇ ਪਿੰਡ ਸਮਾਧ ਭਾਈ ਦਾ ਬੰਦਾ ਗ੍ਰਿਫਤਾਰ ਹੋ ਚੁੱਕਾ ਹੈ ਤੇ ਕਤਲ ਕੇਸ ਦੇ ਦੋਸ਼ੀ ਸਿਰ ਸਾਰਾ ਦੋਸ਼ ਮੜ੍ਹਨ ਲਈ ਉਸ ਨੇ ਮੋਗਾ ਤੋਂ ਕੁਰੀਅਰ ਦੀ ਯੋਜਨਾ ਬਣਾਈ ਹੋਵੇਗੀ।

# ਅਮਰਿੰਦਰ ਤੇ ਜਾਖੜ ਨੇ ਕਾਂਗਰਸ ਨੂੰ ਪੰਜਾਬ 'ਚ ਗਠਜੋੜ ਨਾ ਕਰਨ ਦੀ ਰਿਪੋਰਟ ਦਿੱਤੀ



ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਾਂਗਰਸ ਹਾਈ ਕਮਾਨ ਨਾਲ ਕੱਲ੍ਹ ਦਿੱਲੀ ਵਿੱਚ ਮੁਲਾਕਾਤ ਕਰ ਕੇ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਕਿਸੇ ਵੀ ਹੋਰ ਪਾਰਟੀ ਨਾਲ ਗਠਜੋੜ ਨਾ ਕਰਨ ਦੀ ਸਲਾਹ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਅਦ ਦੁਪਹਿਰ ਦਿੱਲੀ ਵਿੱਚ ਕਾਂਗਰਸ ਲੀਡਰਸ਼ਿਪ ਦੇ ਕਈ ਨੇਤਾਵਾਂ ਨਾਲ ਮਿਲਣ ਤੋਂ ਬਾਅਦ ਕਿਹਾ ਕਿ ਕਾਂਗਰਸ ਸੂਬੇ ਵਿੱਚ ਆਪਣੇ ਬਲਬੂਤੇ 'ਤੇ ਅਗਲੀਆਂ ਲੋਕ ਸਭਾ ਚੋਣਾਂ ਲੜਨ ਨੂੰ ਤਿਆਰ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਨੇਤਾਵਾਂ ਨੂੰ ਦੱਸਿਆ ਹੈ ਕਿ ਪਾਰਟੀ ਪੰਜਾਬ ਵਿੱਚ ਮਜ਼ਬੂਤ ਸਥਿਤੀ ਵਿੱਚ ਹੈ ਅਤੇ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇਗੀ। ਉਨ੍ਹਾਂ ਕਿਹਾ ਕਿ ਰਾਸ਼ਟਰੀ ਪੱਧਰ 'ਤੇ ਗਠਜੋੜ ਕਰਨਾ ਪਾਰਟੀ ਹਾਈ ਕਮਾਨ 'ਤੇ ਨਿਰਭਰ ਹੈ, ਪਰ ਪੰਜਾਬ ਵਿੱਚ ਕਾਂਗਰਸ ਨੇ 2017 ਵਿੱਚ ਸਰਕਾਰ ਬਣਾਉਣ ਤੋਂ ਬਾਅਦ ਸਾਰੀਆਂ ਕਾਰਪੋਰੇਸ਼ਨਾਂ, ਗੁਰਦਾਸਪੁਰ ਲੋਕ ਸਭਾ ਸੀਟ ਦੀ ਉਪ ਚੋਣ ਅਤੇ ਸ਼ਾਹਕੋਟ ਵਿਧਾਨ ਸਭਾ ਸੀਟ ਉਪ ਚੋਣ ਅਤੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਚੋਣਾਂ ਜਿੱਤੀਆਂ ਹਨ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਆਪਣੇ ਮੰਤਰੀ ਸਾਥੀਆਂ ਨਾਲ ਵੀ ਗੱਲ ਕੀਤੀ ਸੀ, ਜਿਨ੍ਹਾਂ ਸਰਬ ਸੰਮਤੀ ਨਾਲ ਕਿਹਾ ਕਿ ਕਾਂਗਰਸ ਪੰਜਾਬ ਵਿੱਚ ਆਪਣੇ ਬਲਬੂਤੇ ਹੀ ਚੋਣ ਲੜੇਗੀ। ਕੇਂਦਰੀ ਨੇਤਾਵਾਂ ਨਾਲ ਬੈਠਕ ਦੌਰਾਨ ਕੈਪਟਨ ਅਤੇ ਜਾਖੜ ਨੇ ਕਿਹਾ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਦੇ ਨਿਰਾਸ਼ਾ ਜਨਕ ਪ੍ਰਦਰਸ਼ਨ ਤੇ ਮਹਿੰਗਾਈ ਤੇ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਵਧਣ ਨਾਲ ਇਸ ਦਾ ਪੰਜਾਬ ਵਿੱਚ ਕਾਂਗਰਸ ਨੂੰ ਲਾਭ ਮਿਲੇਗਾ।

# 10 ਹਜ਼ਾਰ ਰਿਸ਼ਵਤ ਲੈਂਦਾ ਕਾਨੂੰਗੋ ਰੰਗੇ ਹੱਥੀਂ ਕਾਬੂ

ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਸ਼ਾਹਕੋਟ ਦੇ ਕਾਨੂੰਗੋ ਸਰੂਪ ਸਿੰਘ ਨੂੰ ਜ਼ਮੀਨ ਦਾ ਨਕਸ਼ਾ ਬਣਾਉਣ ਦੇ ਨਾਂਅ 'ਤੇ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ।

ਸ਼ਿਕਾਇਤ ਕਰਤਾ ਵਰਿੰਦਰ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਖਾਨਪੁਰ ਰਾਜਪੂਤਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਨੇ ਦੱਸਿਆ ਕਿ ਉਸ ਨੇ ਪਿੰਡ ਦਾਨੇਵਾਲ ਵਿੱਚ ਆਪਣੀ ਜ਼ਮੀਨ ਵਿੱਚ ਆਪਣਾ ਹਿੱਸਾ ਵੰਡਣ ਲਈ ਤਹਿਸੀਲਦਾਰ ਸ਼ਾਹਕੋਟ ਮਨਦੀਪ ਸਿੰਘ ਮਾਨ ਦੀ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ। ਅੱਠ ਜੂਨ ਨੂੰ ਅਦਾਲਤ ਨੇ ਸ਼ਾਹਕੋਟ ਦੇ ਕਾਨੂੰਗੋ ਨੂੰ ਜ਼ਮੀਨ ਦਾ ਨਕਸ਼ਾ ਬਣਾ ਕੇ 26 ਜੂਨ ਤੱਕ ਕੋਰਟ ਵਿੱਚ ਪੇਸ਼ ਕਰਨ ਨੂੰ ਕਿਹਾ। ਕਾਨੂੰਗੋ ਨੇ ਕਿਹਾ ਕਿ ਇਸ ਵਿੱਚ ਸਮਾਂ ਲੱਗੇਗਾ। ਉਹ ਡੇਢ ਮਹੀਨੇ ਤੱਕ ਕਾਨੂੰਗੋ ਦੇ ਦਫਤਰ ਦੇ ਚੱਕਰ ਲਾਉਂਦਾ ਰਿਹਾ। ਆਖਰ ਕਾਨੂੰਗੋ ਨੇ ਦਸ ਹਜ਼ਾਰ ਰੁਪਏ ਰਿਸ਼ਵਤ ਮੰਗੀ ਅਤੇ ਉਸ ਨੂੰ ਪੈਸੇ ਲੈ ਕੇ ਤਿੰਨ ਅਕਤੂਬਰ ਨੂੰ ਦਫਤਰ ਬੁਲਾਇਆ। ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਐੱਸ ਐੱਸ ਪੀ ਦਿਲਜਿੰਦਰ ਸਿੰਘ ਨੇ ਦੱਸਿਆ ਕਿ ਕਾਨੂੰਗੋ ਸਰੂਪ ਸਿੰਘ ਦੇ ਖਿਲਾਫ ਥਾਣਾ ਵਿਜੀਲੈਂਸ ਬਿਊਰੋ ਜਲੰਧਰ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

# ਨਾਬਾਲਗਾ ਨਾਲ ਬਲਾਤਕਾਰ ਦੇ ਦੋਸ਼ੀ ਦੀ ਕੁੱਟ ਮਾਰ ਨਾਲ ਮੌਤ


ਮੋਗਾ, 4 ਅਕਤੂਬਰ (ਪੋਸਟ ਬਿਊਰੋ)- ਬਲਾਤਕਾਰ ਦੇ ਦੋਸ਼ੀ ਨੌਜਵਾਨ ਚਮਕੌਰ ਸਿੰਘ ਨੂੰ ਨਾਬਾਲਗ ਕੁੜੀ ਦੇ ਮਾਪਿਆਂ ਨੇ ਬੁਰੀ ਤਰ੍ਹਾਂ ਕੁੱਟ ਮਾਰ ਕਰ ਕੇ ਜ਼ਖਮੀ ਕਰ ਦਿੱਤਾ, ਜਿਸ ਦੀ ਪੀ ਜੀ ਆਈ ਚੰਡੀਗੜ੍ਹ ਵਿੱਚ ਮੌਤ ਹੋ ਗਈ। ਇਸ ਬਾਰੇ ਮਹਿਣਾ ਪੁਲਸ ਨੇ ਮ੍ਰਿਤਕ ਦੇ ਭਰਾ ਦੇ ਬਿਆਨਾਂ 'ਤੇ ਛੇ ਜਣਿਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ।

ਥਾਣਾ ਮਹਿਣਾ ਦੇ ਮੁਖੀ ਦਿਲਬਾਗ ਸਿੰਘ ਦੇ ਮੁਤਾਬਕ 14-15 ਸਾਲਾ ਨਾਬਾਲਗਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ ਚਮਕੌਰ ਸਿੰਘ ਨੇ ਆਪਣੇ ਸਾਥੀਆਂ ਤਰਸੇਮ ਸਿੰਘ ਉਰਫ ਸੇਮਾ, ਸੰਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਵਾਸੀ ਦੁਸਾਂਝ ਅਤੇ ਜੱਗਾ ਸਿੰਘ ਪਿੰਡ ਲੋਹਗੜ੍ਹ ਨਾਲ ਮਿਲ ਕੇ ਉਸ ਸਮੇਂ ਘਰ ਵਿੱਚ ਆ ਕੇ ਮੇਰੇ ਨਾਲ ਬਲਾਤਕਾਰ ਕੀਤਾ ਸੀ, ਜਦੋਂ ਮੈਂ ਘਰ ਵਿੱਚ ਇੱਕਲੀ ਸੀ, ਮੈਂ ਰੌਲਾ ਪਾਇਆ ਤਾਂ ਮੇਰੀ ਮਾਂ ਅਤੇ ਭਰਾ ਵੀ ਆ ਗਏ ਤੇ ਉਨ੍ਹਾਂ ਚਮਕੌਰ ਸਿੰਘ ਦੀ ਕੁੱਟਮਾਰ ਕੀਤੀ। ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੀੜਤਾ ਦੀ ਸ਼ਿਕਾਇਤ 'ਤੇ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ ਸੀ। ਉਕਤ ਮਾਮਲੇ ਦੀ ਜਾਂਚ ਮਹਿਲਾ ਥਾਣੇਦਾਰ ਹਰਜੀਤ ਕੌਰ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੀੜਤਾ ਦਾ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾਇਆ ਗਿਆ ਹੈ। ਦੂਜੀ ਧਿਰ ਦੇ ਤਰਸੇਮ ਸਿੰਘ ਪੁੱਤਰ ਕਾਲਾ ਸਿੰਘ ਨੇ ਦੋਸ਼ ਲਾਇਆ ਕਿ ਮੇਰੇ ਭਰਾ ਚਮਕੌਰ ਸਿੰਘ ਨੂੰ ਅਗਵਾ ਕਰ ਕੇ ਉਸ ਦੀ ਕੁੱਟਮਾਰ ਕੀਤੀ ਗਈ, ਜਿਸ ਨੂੰ ਜ਼ਖਮੀ ਹੋਏ ਨੂੰ ਸਿਵਲ ਹਸਪਤਾਲ ਮੋਗਾ ਦਾਖਲ ਕਰਾਇਆ ਸੀ। ਡਾਕਟਰਾਂ ਨੇ ਨਾਜ਼ੁਕ ਹਾਲਤ ਵੇਖ ਕੇ ਉਸ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਉਕਤ ਮਾਮਲੇ ਵਿੱਚ ਦੋਵਾਂ ਧਿਰਾਂ ਦੇ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates, Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Condo Townhouse for sale.






ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21 President Realty Inc. Brokerage*
Looking For a Nest..? Call the Best



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com





# ਜਸਟਿਸ ਗੋਗੋਈ ਨੇ ਆਉਂਦੇ ਸਾਰ ਹੀ ਸੁਪਰੀਮ ਕੋਰਟ ਦੀ ਕਾਰਜ ਪ੍ਰਣਾਲੀ ਬਦਲੀ



ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਭਾਰਤ ਦੇ 46ਵੇਂ ਮੁੱਖ ਜੱਜ ਵਜੋਂ ਜਸਟਿਸ ਰੰਜਨ ਗੋਗੋਈ ਨੇ ਕੱਲ੍ਹ ਅਹੁਦੇ ਦੀ ਸਹੁੰ ਚੁੱਕੀ ਅਤੇ ਅਹੁਦਾ ਸੰਭਾਲਦੇ ਹੀ ਨਿਆਂ ਪਾਲਿਕਾ ਦੀ ਕਾਰਜ ਪ੍ਰਣਾਲੀ 'ਚ ਬਦਲਾਅ ਸ਼ੁਰੂ ਕਰ ਦਿੱਤਾ ਹੈ। ਜੱਜਾਂ ਨੂੰ ਕੰਮ ਵੰਡਣ ਦਾ ਨਵਾਂ ਰੋਸਟਰ ਜਾਰੀ ਕਰ ਦਿੱਤਾ, ਜਿਸ 'ਚ ਜਨਹਿੱਤ ਪਟੀਸ਼ਨਾਂ ਚੀਫ ਜਸਟਿਸ ਤੋਂ ਇਲਾਵਾ ਬਾਕੀ ਸਭ ਪਟੀਸ਼ਨਾਂ ਦੂਜੇ ਨੰਬਰ ਦੇ ਸੀਨੀਅਰ ਜੱਜ ਜਸਟਿਸ ਮਦਨ ਬੀ ਲੋਕੁਰ ਕੋਲ ਰਹਿਣਗੀਆਂ। ਪਹਿਲਾਂ ਜਨਹਿੱਤ ਪਟੀਸ਼ਨਾਂ ਸਿਰਫ ਚੀਫ ਜਸਟਿਸ ਕੋਲ ਸਨ। ਇਸ ਤੋਂ ਇਲਾਵਾ ਸਵੇਰੇ ਦੀ ਮੈਂਸ਼ਨਿੰਗ 'ਤੇ ਵੀ ਰੋਕ ਲਾ ਦਿੱਤੀ ਹੈ। ਜਸਟਿਸ ਗੋਗੋਈ ਦਾ ਕਾਰਜਕਾਲ 13 ਮਹੀਨੇ, 15 ਦਿਨ ਦਾ ਹੋਵੇਗਾ। ਉਹ 17 ਨਵੰਬਰ 2019 ਨੂੰ ਸੇਵਾਮੁਕਤ ਹੋਣਗੇ।

ਸਾਬਕਾ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉਠਾਉਣ ਵਾਲੇ ਚਾਰ ਸੀਨੀਅਰ ਜੱਜਾਂ ਦੀ ਪ੍ਰੈਸ ਕਾਨਫਰੰਸ 'ਚ ਸ਼ਾਮਲ ਰਹੇ ਜਸਟਿਸ ਗੋਗੋਈ ਨੇ ਪਹਿਲੇ ਦਿਨ ਹੀ ਕੰਮ ਦੀ ਵੰਡ ਪ੍ਰਣਾਲੀ ਬਦਲਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਉਸ ਪ੍ਰੈਸ ਕਾਨਫਰੰਸ 'ਚ ਜੱਜਾਂ ਨੂੰ ਕੰਮ ਵੰਡਣ 'ਤੇ ਸਵਾਲ ਉਠਾਏ ਗਏ ਸਨ। ਇਸ ਹਾਲਤ 'ਚ ਲੋਕਾਂ ਦੀ ਨਜ਼ਰ ਇਸ ਗੱਲ ਉੱਤੇ ਟਿਕੀ ਸੀ ਕਿ ਜਸਟਿਸ ਗੋਗੋਈ ਚੀਫ ਜਸਟਿਸ ਦਾ ਅਹੁਦਾ ਸੰਭਾਲਣ ਪਿੱਛੋਂ ਕੀ ਬਦਲਦੇ ਹਨ। ਸਿਸਟਮ ਨੂੰ ਸੁਚਾਰੂ ਅਤੇ ਸਹੀ ਕਰਨ ਦੀ ਪਹਿਲੀ ਮਿਸਾਲ ਸਵੇਰੇ ਅਦਾਲਤ ਸ਼ੁਰੂ ਹੁੰਦੇ ਹੀ ਦਿਖਾਈ ਦੇ ਗਈ। ਜਸਟਿਸ ਦੀਪਕ ਮਿਸ਼ਰਾ ਦੀ ਅਦਾਲਤ 'ਚ ਸਵੇਰੇ ਰੋਜ਼ 15 ਤੋਂ 20 ਮਿੰਟ ਤੱਕ ਮੈਂਸ਼ਨਿੰਗ ਚੱਲਦੀ ਸੀ, ਜਿਸ 'ਚ ਫੌਰੀ ਮਾਮਲਿਆਂ ਉੱਤੇ ਛੇਤੀ ਸੁਣਵਾਈ ਦੀ ਮੰਗ ਹੁੰਦੀ ਸੀ, ਪਰ ਕੱਲ੍ਹ ਨਜ਼ਾਰਾ ਬਦਲ ਗਿਆ। ਜਿਵੇਂ ਚੀਫ ਜਸਟਿਸ ਦੀ ਅਦਾਲਤ ਬੈਠੀ ਤਾਂ ਪ੍ਰਸ਼ਾਂਤ ਭੂਸ਼ਣ ਸਮੇਤ ਵਕੀਲਾਂ ਨੇ ਫੌਰੀ ਸੁਣਵਾਈ ਦੀ ਮੰਗ ਸ਼ੁਰੂ ਕਰ ਦਿੱਤੀ। ਜਸਟਿਸ ਗੋਗੋਈ ਨੇ ਉਨ੍ਹਾਂ ਨੂੰ ਰੋਕਦਿਆਂ ਕਿਹਾ ਕਿ ਕੋਈ ਮੈਂਸ਼ਨਿੰਗ ਨਹੀਂ ਹੋਵੇਗੀ, ਉਹ ਮੈਂਸ਼ਨਿੰਗ ਬਾਰੇ ਮਾਪਦੰਡ ਤੈਅ ਕਰਨਗੇ।

ਪ੍ਰਸ਼ਾਂਤ ਭੂਸ਼ਣ ਨੇ ਰੋਹਿੰਗਿਆ ਕੇਸ ਵਿੱਚ ਫੌਰੀ ਸੁਣਵਾਈ ਦੀ ਮੰਗ ਕੀਤੀ ਸੀ, ਕਿਉਂਕਿ ਕੱਲ੍ਹ ਨੂੰ ਸੱਤ ਰੋਹਿੰਗਿਆ ਘੁਸਪੈਠੀਏ ਮਿਆਂਮਾਰ ਸਰਕਾਰ ਨੂੰ ਸੌਂਪੇ ਜਾਣਗੇ। ਬਾਕੀ ਵਕੀਲ ਵੀ ਜਦੋਂ ਦੱਸਣ ਲੱਗੇ ਤਾਂ ਜਸਟਿਸ ਗੋਗੋਈ ਨੇ ਕਿਹਾ ਕਿ ਜਿਨ੍ਹਾਂ ਨੂੰ ਫਾਂਸੀ ਹੋਣ ਵਾਲੀ ਹੋਵੇ, ਘਰ ਤੋਂ ਬੇਦਖਲ ਕੀਤਾ ਜਾ ਰਿਹਾ, ਜਾਂ ਮਕਾਨ ਢਾਹਿਆ ਜਾ ਰਿਹਾ ਹੋਵੇ, ਸਿਰਫ ਉਹੀ ਮਾਮਲਾ ਮੈਂਸ਼ਨ ਕੀਤਾ ਜਾਵੇ, ਬਾਕੀ ਮਾਮਲੇ ਇਸ ਤਰ੍ਹਾਂ ਦੀ ਮੈਂਸ਼ਨਿੰਗ ਵਿੱਚ ਨਾ ਪਾਏ ਜਾਣ।

# ਕ੍ਰਿਕਟ ਦੀ ਟੀਮ ਇੰਡੀਆ ਅੱਜ ਕੱਲ੍ਹ ਫਿਲਮ ਸਟਾਰ ਅਨੁਸ਼ਕਾ ਦੇ ਦਖਲ ਤੋਂ ਪ੍ਰੇਸ਼ਾਨ



ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਭਾਰਤੀ ਕ੍ਰਿਕਟ ਟੀਮ ਵਿੱਚ ਸਭ ਕੁਝ ਸਹੀ ਨਹੀਂ ਹੈ। ਕਪਤਾਨ ਵਿਰਾਟ ਕੋਹਲੀ ਅਤੇ ਟੀਮ ਮੈਨੇਜਮੈਂਟ ਨਾਲ ਕਈ ਖਿਡਾਰੀ ਸਹਿਮਤ ਨਹੀਂ ਹਨ। ਪਿੱਛੇ ਜਿਹੇ ਰੋਹਿਤ ਸ਼ਰਮਾ ਨੇ ਵਿਰਾਟ ਕੋਹਲੀ ਨੂੰ ਇੰਸਟਾਗ੍ਰਾਮ ਤੇ ਟਵਿੱਟਰ ਤੋਂ ਅਨਫਾਲੋ ਕੀਤਾ ਸੀ। ਏਦਾਂ ਹੀ ਏਸ਼ੀਆ ਕੱਪ ਦੇ 'ਮੈਨ ਆਫ ਦ ਸੀਰੀਜ਼' ਸ਼ਿਖਰ ਧਵਨ ਨੂੰ ਵੈਸਟ ਇੰਡੀਜ਼ ਦੇ ਖਿਲਾਫ ਦੋ ਟੈਸਟ ਮੈਚਾਂ ਦੀ ਸੀਰੀਜ਼ ਤੋਂ ਬਾਹਰ ਕਰ ਦਿੱਤਾ ਗਿਆ ਸੀ।

ਸ਼ਿਖਰ ਧਵਨ ਨੂੰ ਟੀਮ ਤੋਂ ਹਟਾਉਣ ਉੱਤੇ ਸਵਾਲ ਇਸ ਲਈ ਉਠੇ ਹਨ ਕਿ ਇੰਗਲੈਂਡ ਦੌਰੇ ਦੌਰਾਨ ਵਿਰਾਟ ਦੀ ਪਤਨੀ ਅਨੁਸ਼ਕਾ ਸ਼ਰਮਾ ਅਤੇ ਧਵਨ ਦੀ ਪਤਨੀ ਆਇਸ਼ਾ ਮੁਖਰਜੀ ਦੀ ਤਲਖ ਬਹਿਸ ਹੋਈ। ਇਸ ਤੋਂ ਬਾਅਦ ਟੀਮ ਦੇ ਅੰਦਰ ਚਰਚਾ ਸ਼ੁਰੂ ਹੋ ਗਈ ਸੀ ਕਿ ਛੇਤੀ ਹੀ ਸ਼ਿਖਰ ਟੀਮ ਇੰਡੀਆ ਤੋਂ ਬਾਹਰ ਹੋਣਗੇ। ਧਵਨ ਨੇ ਏਸ਼ੀਆ ਕੱਪ 'ਚ ਪੰਜ ਵੰਨਡੇਅ ਵਿੱਚ ਦੋ ਸੈਂਕੜਿਆਂ ਦੇ ਨਾਲ 342 ਦੌੜਾਂ ਬਣਾਈਆਂ ਸਨ। ਇੰਗਲੈਂਡ ਦੌਰੇ ਵਿੱਚ ਭਾਰਤੀ ਟੀਮ 'ਚ ਸ਼ਾਮਲ ਰਹੇ ਇਕ ਖਿਡਾਰੀ ਨੇ ਕਿਹਾ ਕਿ ਟੀਮ 'ਚ ਸਭ ਕੁਝ ਠੀਕ ਨਹੀਂ। ਕਈ ਖਿਡਾਰੀ ਅਨੁਸ਼ਕਾ ਦੇ ਦਖਲ ਤੋਂ ਪਰੇਸ਼ਾਨ ਹਨ। ਜਦੋਂ ਉਹ ਟੀਮ ਦੇ ਨਾਲ ਹੁੰਦੀ ਹੈ ਤਾਂ ਕਦੇ-ਕਦੇ ਬੱਲੇਬਾਜ਼ਾਂ ਲਈ ਹੋਣ ਵਾਲੀ ਬੈਠਕ 'ਚ ਵੀ ਮੌਜੂਦ ਰਹਿੰਦੀ ਹੈ।

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਇਕ ਅਹੁਦੇਦਾਰ ਨੇ ਕਿਹਾ ਕਿ ਅਨੁਸ਼ਕਾ ਅਤੇ ਆਇਸ਼ਾ ਚੰਗੀਆਂ ਦੋਸਤ ਸਨ। ਦੋਵੇਂ ਹਮੇਸ਼ਾ ਇਕੱਠੀਆਂ ਰਹਿੰਦੀਆਂ ਸਨ। ਲੰਡਨ 'ਚ ਵੰਨਡੇਅ ਦੌਰਾਨ ਆਇਸ਼ਾ ਨੂੰ ਅਨੁਸ਼ਕਾ ਨਾਲ ਬਿਠਾਉਣ ਲਈ ਵਿਰਾਟ ਨੇ ਇਕ ਅਹੁਦੇਦਾਰ ਤੋਂ ਤਿੰਨ ਪਾਸ ਵੀ ਲਏ ਸਨ। ਜੋ ਕੁਝ ਹੋਇਆ ਹੈ ਤਾਂ ਇਸ ਮੈਚ ਦੇ ਬਾਅਦ ਹੀ ਹੋਇਆ ਹੈ। ਟੀਮ ਇੰਡੀਆ ਦੇ ਮੈਂਬਰ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਦੋਵੇਂ ਬੱਲੇਬਾਜ਼ਾਂ ਦੀਆਂ ਪਤਨੀਆਂ ਚੰਗੀਆਂ ਦੋਸਤ ਸਨ, ਪਰ ਇੰਗਲੈਂਡ ਦੌਰੇ ਦੌਰਾਨ ਅਨੁਸ਼ਕਾ ਨੇ ਆਇਸ਼ਾ ਨੂੰ ਉਨ੍ਹਾਂ ਦੇ ਪਰਵਾਰ ਬਾਰੇ ਇਹੋ ਜਿਹੀ ਸਲਾਹ ਦਿੱਤੀ, ਜੋ ਉਨ੍ਹਾਂ ਨੂੰ ਪਸੰਦ ਨਹੀਂ ਆਈ। ਇਸ ਪਿੱਛੋਂ ਦੋਵਾਂ ਦੇ ਰਸਤੇ ਅਲੱਗ ਹੋ ਗਏ। ਇਹ ਗੱਲ ਟੀਮ ਦੇ ਜ਼ਿਆਦਾਤਰ ਮੈਂਬਰਾਂ ਨੂੰ ਪਤਾ ਹੈ ਅਤੇ ਉਸ ਦੇ ਬਾਅਦ ਟੀਮ 'ਚ ਚਰਚਾ ਸ਼ੁਰੂ ਹੋ ਗਈ ਕਿ ਧਵਨ ਛੇਤੀ ਹੀ ਟੀਮ ਤੋਂ ਬਾਹਰ ਹੋ ਸਕਦੇ ਹਨ। ਇਹ ਸੰਜੋਗ ਹੈ ਕਿ ਏਸ਼ੀਆ ਕੱਪ ਵਿੱਚ 'ਮੈਨ ਆਫ ਦ ਸੀਰੀਜ਼' ਬਣ ਜਾਣ ਦੇ ਬਾਵਜੂਦ ਸ਼ਿਖਰ ਨੂੰ ਵੈਸਟ ਇੰਡੀਜ਼ ਖਿਲਾਫ ਦੋ ਟੈਸਟ ਮੈਚਾਂ ਦੀ ਸੀਰੀਜ਼ ਤੋਂ ਬਾਹਰ ਕਰ ਦਿੱਤਾ ਗਿਆ। ਸਭ ਨੂੰ ਪਤਾ ਹੈ ਕਿ ਭਾਰਤੀ ਪਿੱਚ ਉੱਤੇ ਸ਼ਿਖਰ ਦੌੜਾਂ ਬਣਾਉਂਦੇ ਅਤੇ ਇਸ ਨਾਲ ਸਾਲ ਦੇ ਅੰਤ 'ਚ ਹੋਣ ਵਾਲੇ ਆਸਟਰੇਲੀਆ ਦੌਰੇ ਲਈ ਉਨ੍ਹਾਂ ਦੀ ਚੋਣ ਕਰਨ ਲਈ ਮਜਬੂਰ ਹੋਣਾ ਪੈਂਦਾ। ਜਦੋਂ ਇਸ ਬਾਰੇ ਵਿਰਾਟ ਨੂੰ ਮੈਸੇਜ ਅਤੇ ਵਟਸਐਪ ਦੇ ਜ਼ਰੀਏ ਪੁੱਛਿਆ ਗਿਆ ਤਾਂ ਉਨ੍ਹਾਂ ਕਿਸੇ ਦਾ ਕੋਈ ਜਵਾਬ ਨਹੀਂ ਦਿੱਤਾ। ਕ੍ਰਿਕਟ ਅਧਿਕਾਰੀ ਨੇ ਅਨੁਸ਼ਕਾ ਦੇ ਬੱਲੇਬਾਜ਼ਾਂ ਲਈ ਹੋਣ ਵਾਲੀ ਬੈਠਕ ਦੌਰਾਨ ਮੌਜੂਦ ਰਹਿਣ ਤੋਂ ਇਨਕਾਰ ਕੀਤਾ ਹੈ।

# ਦਿੱਲੀ ਏਅਰਪੋਰਟ ਦਾ ਇਕ ਰਨਵੇਅ ਨਵੰਬਰ ਵਿੱਚ 13 ਦਿਨ ਬੰਦ ਰਹੇਗਾ



ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਤਿੰਨ ਰੰਨਵੇਅ ਵਿਚੋਂ ਇਕ ਰੰਨਵੇਅ ਨਵੰਬਰ ਵਿੱਚ 13 ਦਿਨ ਬੰਦ ਰੱਖਣ ਦੀ ਜਾਣਕਾਰੀ ਮਿਲੀ ਹੈ। ਮੁਰੰਮਤ ਦੇ ਕੰਮ ਲਈ ਇਹ ਫੈਸਲਾ ਲਿਆ ਗਿਆ ਹੈ। ਇਹ ਰੰਨਵੇਅ 15 ਨਵੰਬਰ ਤੋਂ ਲੈ ਕੇ ਨਵੰਬਰ 27 ਤੱਕ ਰਹੇਗਾ।

ਵਰਨਣ ਯੋਗ ਹੈ ਕਿ ਇਨ੍ਹਾਂ ਦਿਨਾਂ ਵਿੱਚ ਦਿੱਲੀ ਦੇ ਪ੍ਰਗਤੀ ਮੈਦਾਨ ਵਿਚ 14 ਨਵੰਬਰ ਤੋਂ ਲੈ ਕੇ 27 ਨਵੰਬਰ ਤੱਕ ਅੰਤਰਰਾਸ਼ਟਰੀ ਵਪਾਰ ਮੇਲਾ ਵੀ ਆਯੋਜਿਤ ਹੁੰਦਾ ਹੈ। ਇਸ ਮੌਕੇ ਦੇਸ਼-ਵਿਦੇਸ਼ਾਂ ਤੋਂ ਭਾਰੀ ਗਿਣਤੀ ਵਿਚ ਯਾਤਰੀਆਂ ਦਾ ਆਉਣਾ-ਜਾਣਾ ਵਧ ਜਾਂਦਾ ਹੈ। ਦੱਸਿਆ ਗਿਆ ਹੈ ਕਿ ਇਕ ਰੰਨਵੇਅ ਬੰਦ ਹੋਣ ਨਾਲ ਲਗਭਗ 100 ਉਡਾਣਾਂ ਰੋਜ਼ ਰੱਦ ਹੋਣ ਦੀ ਸੰਭਾਵਨਾ ਹੈ। ਇਸ ਵਿਚ 50 ਉਡਾਣਾਂ ਟੇਕ ਆਫ ਅਤੇ 50 ਲੈਂਡਿੰਗ ਕਰਨ ਵਾਲੀਆਂ ਹੋਣਗੀਆਂ। ਇਹ ਉਡਾਣਾਂ ਘਰੇਲੂ ਅਤੇ ਅੰਤਰਰਾਸ਼ਟਰੀ ਏਅਰਲਾਈਨਜ਼ ਦੋਵਾਂ ਦੀਆਂ ਹੋਣਗੀਆਂ।

ਦੂਸਰੇ ਪਾਸੇ ਮੌਸਮ ਵਿਭਾਗ ਨੇ ਵੀ ਨਵੰਬਰ ਵਿੱਚ ਧੁੰਦ ਪੈਣ ਦੀ ਸੰਭਾਵਨਾ ਦੀ ਭਵਿੱਖਬਾਣੀ ਕੀਤੀ ਹੈ। ਇਸ ਲਈ ਜੇ ਸੰਘਣੀ ਧੁੰਦ ਪਈ ਤਾਂ ਯਾਤਰੀਆਂ ਅਤੇ ਏਅਰਲਾਈਨਜ਼ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ (ਡਾਇਲ) ਨੇ ਕਿਹਾ ਹੈ ਕਿ ਇਸ ਬਾਰੇ ਸਾਰੀਆਂ ਏਅਰਲਾਈਨਜ਼ ਨੂੰ ਅਗੇਤੀ ਜਾਣਕਾਰੀ ਦੇ ਦਿੱਤੀ ਗਈ ਹੈ ਤਾਂ ਜੋ ਨਵੰਬਰ ਵਿਚ ਰੰਨਵੇਅ ਬੰਦ ਹੋਣ ਕਾਰਨ ਉਹ ਆਪਣੇ ਮੁਸਾਫਰਾਂ ਨੂੰ ਅਡਜਸਟ ਕਰ ਸਕਣ।

# ਆਧਾਰ ਕਾਰਡ ਲਈ ਆਫਲਾਈਨ ਵੈਰੀਫਿਕੇਸ਼ਨ ਹੋਵੇਗੀ ਤਾਂ ਕਿ ਪ੍ਰਾਈਵੇਸੀ ਕਾਇਮ ਰਹੇ

ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਪ੍ਰਾਈਵੇਸੀ ਅਤੇ ਡਾਟਾ ਸੁਰੱਖਿਆ ਦੀ ਚਿੰਤਾ ਦੂਰ ਕਰਨ ਦੀਆਂ ਕੋਸ਼ਿਸ਼ਾਂ ਦੇ ਤਹਿਤ ਕੇਂਦਰ ਸਰਕਾਰ ਅੱਗੇ ਤੋਂ ਆਧਾਰ ਕਾਰਡ ਦੇ ਵੈਰੀਫਿਕੇਸ਼ਨ ਲਈ ਆਫ ਲਾਈਨ ਤਰੀਕਿਆਂ 'ਤੇ ਜ਼ੋਰ ਦੇ ਰਹੀ ਹੈ, ਜਿਸ ਦੇ ਲਈ ਆਥੈਂਟੀਕੇਸ਼ਨ ਲਈ ਯੂ ਆਈ ਡੀ ਏ ਆਈ ਸਰਵਰ ਦੀ ਲੋੜ ਨਹੀਂ ਹੈ। ਆਧਾਰ ਵੈਰੀਫਿਕੇਸ਼ਨ ਲਈ ਸਰਕਾਰ ਵੱਲੋਂ ਕਿਊ ਆਰ ਕੋਡ ਅਤੇ ਪੇਪਰਲੈੱਸ ਕੇ ਵਾਈ ਸੀ ਦੀ




ਵਰਤੋਂ ਕੀਤੀ ਜਾਵੇਗੀ, ਜਿਸ ਵਿੱਚ ਨਾ ਬਾਇਓਮੈਟ੍ਰਿਕ ਡਿਟੇਲ ਨੂੰ ਸ਼ੇਅਰ ਕਰਨ ਦੀ ਜ਼ਰੂਰਤ ਹੋਵੇਗੀ ਅਤੇ ਨਾ ਆਧਾਰ ਦੇ ਸਰਵਰ ਦੀ ਵਰਤੋਂ ਦੀ ਜ਼ਰੂਰਤ ਹੋਵੇਗੀ।

ਦੱਸਿਆ ਗਿਆ ਹੈ ਕਿ ਕੇ ਵਾਈ ਸੀ (ਨੋ ਯੂਅਰ ਕਸਟਮਰ) ਪ੍ਰਕਿਰਿਆ 'ਚ ਯੂਜ਼ਰਸ ਨੂੰ ਆਪਣਾ ਆਧਾਰ ਨੰਬਰ ਦੇਣ ਦੀ ਲੋੜ ਨਹੀਂ ਹੋਵੇਗੀ, ਜਿਸ ਨਾਲ ਉਨ੍ਹਾਂ ਦੇ ਡਾਟਾ ਚੋਰੀ ਹੋਣ ਜਾਂ ਫਿਰ ਟਰੈਕ ਹੋਣ ਦੀਆਂ ਸਭ ਸਮੱਸਿਆਵਾਂ ਦੂਰ ਹੋ ਜਾਣਗੀਆਂ। ਇਹ ਆਫਲਾਈਨ ਪ੍ਰਕਿਰਿਆ ਪ੍ਰਾਈਵੇਟ ਕੰਪਨੀਆਂ ਦੇ ਬਾਇਓਮੈਟ੍ਰਿਕ ਬੇਸਡ ਆਧਾਰ ਅਥੈਂਟੀਕੇਸ਼ਨ ਬਾਰੇ ਸੁਪਰੀਮ ਕੋਰਟ ਦੇ ਆਦੇਸ਼ ਦਾ ਪੂਰੀ ਤਰ੍ਹਾਂ ਪਾਲਣ ਕਰੇਗੀ। ਇਸ ਆਫਲਾਈਨ ਕੇ ਵਾਈ ਸੀ ਨੂੰ ਸਰਕਾਰ ਸਮੇਤ ਸਾਰੇ ਸਰਵਿਸ ਪ੍ਰੋਵਾਈਡਰ ਵਰਤ ਸਕਦੇ ਹਨ। ਇਸ ਦੇ ਨਾਲ ਇਸ ਨੂੰ ਹੋਰ ਪਛਾਣ ਪੱਤਰਾਂ ਜਿਵੇਂ ਪੈਨ ਕਾਰਡ, ਡਰਾਈਵਿੰਗ ਲਾਇਸੈਂਸ, ਰਾਸ਼ਨ ਕਾਰਡ, ਵੋਟਰ ਕਾਰਡ ਆਦਿ ਲਈ ਵਰਤਿਆ ਜਾ ਸਕੇਗਾ। ਸਰਕਾਰ ਨੂੰ ਇਸ ਗੱਲ ਦੀ ਪੂਰੀ ਆਸ ਹੈ ਕਿ ਆਫਲਾਈਨ ਆਧਾਰ ਕੇ ਵਾਈ ਸੀ ਦੀ ਭਰੋਸੇਯੋਗਤਾ ਨੂੰ ਲੋਕਪ੍ਰਿਯ ਬਣਾਏਗੀ, ਜੋ ਟੈੱਕ ਆਧਾਰਤ ਕੰਪਨੀਆਂ ਦੇ ਲਈ ਇੱਕ ਬਿਹਤਰ ਬਦਲ ਹੋਵੇਗਾ, ਜਿਹੜੀਆਂ ਸੁਪਰੀਮ ਕੋਰਟ ਦੇ ਆਦੇਸ਼ ਨਾਲ ਯੂ ਆਈ ਡੀ ਏ ਆਈ ਸਰਵਰ ਤੱਕ ਪਹੁੰਚ ਤੋਂ ਲਾਂਭੇ ਹੋ ਗਈਆਂ ਹਨ। ਇਸ ਕਿਊ ਆਰ ਕੋਡ ਨੂੰ ਯੂ ਆਈ ਡੀ ਏ ਆਈ ਨੂੰ ਵੈਬਸਾਈਟ ਤੋਂ ਡਾਊਨਲੋਡ ਅਤੇ ਪ੍ਰਿੰਟ ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਦੇ ਮੁਤਾਬਕ ਈ ਕੇ ਵਾਈ ਸੀ ਅਤੇ ਕਿਊ ਆਰ ਕੋਡ ਵਾਲੇ ਤਰੀਕੇ ਨਾਲ ਨਿੱਜਤਾ ਦੀ ਸੁਰੱਖਿਆ ਹੋਵੇਗੀ ਅਤੇ ਯੂਜ਼ਰਸ ਨੂੰ ਨਿੱਜੀ ਸੂਚਨਾਵਾਂ 'ਚ ਸਿਰਫ ਨਾਂਅ ਅਤੇ ਪਤਾ ਹੀ ਦੇਣਾ ਹੋਵੇਗਾ। ਇਸ ਨਾਲ ਬਿਨਾਂ ਆਧਾਰ ਨੰਬਰ ਦਿੱਤੇ ਹੀ ਬੈਂਕ ਅਕਾਊਂਟ ਖੋਲ੍ਹਣ ਅਤੇ ਸਿਮ ਕਾਰਡ ਖਰੀਦਣ ਵਿੱਚ ਮਦਦ ਮਿਲੇਗੀ।

# ਮੋਦੀ ਦਾ ਫਿਰ ਪ੍ਰਧਾਨ ਮੰਤਰੀ ਬਣਨਾ ਕਾਸ਼ੀ ਦੇ ਲੋਕ ਨਹੀਂ ਚਾਹੁੰਦੇ



ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਸਾਲ 2019 ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਬਾਰੇ ਇੱਕ ਨਿੱਜੀ ਚੈਨਲ ਦਾ ਸਰਵੇ ਸਾਹਮਣੇ ਆਇਆ ਹੈ, ਜਿਸ ਵਿੱਚ ਮੋਦੀ ਦੀ ਲੋਕਪ੍ਰਿਅਤਾ ਵਿੱਚ ਲਗਾਤਾਰ ਗਿਰਾਵਟ ਦੀ ਗੱਲ ਕਹੀ ਜਾ ਰਹੀ ਹੈ। ਮੋਦੀ ਦੇ ਆਪਣੇ ਪਾਰਲੀਮੈਂਟਰੀ ਹਲਕੇ ਵਾਰਾਣਸੀ 'ਚ ਅੱਧੇ ਤੋਂ ਵੱਧ ਲੋਕਾਂ ਨੇ ਪ੍ਰਧਾਨ ਮੰਤਰੀ ਅਹੁਦੇ ਲਈ ਨਰਿੰਦਰ ਮੋਦੀ ਨੂੰ ਪਸੰਦ ਨਹੀਂ ਕੀਤਾ, ਜਿਸ ਤੋਂ ਕਈ ਲੋਕ ਹੈਰਾਨ ਹੋਏ ਪਏ ਹਨ।

ਇੰਡੀਆ ਟੁਡੇ ਗਰੁੱਪ ਅਤੇ ਐਕਸਿਸ ਮਾਈ ਇੰਡੀਆ ਵੱਲੋਂ ਕਰਵਾਏ ਗਏ ਪਾਲੀਟੀਕਲ ਸਟਾਕ ਐਕਸਚੇਂਜ (ਪੀ ਐੱਸ ਈ) ਮੁਤਾਬਕ ਯੂ ਪੀ ਵਿੱਚ ਮੋਦੀ ਨੂੰ ਬਤੌਰ ਪ੍ਰਧਾਨ ਮੰਤਰੀ 48 ਫੀਸਦੀ ਲੋਕ ਪਸੰਦ ਕਰਦੇ ਹਨ ਅਤੇ 52 ਫੀਸਦੀ ਲੋਕਾਂ ਨੇ 2019 ਵਿੱਚ ਮੁੜ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਪਸੰਦ ਨਹੀਂ ਕੀਤਾ। ਦਿਲਚਸਪ ਗੱਲ ਇਹ ਹੈ ਕਿ ਯੂ ਪੀ ਵਿੱਚ ਪਾਰਲੀਮੈਂਟਰੀ ਹਲਕਾ ਹੋਣ ਦੇ ਬਾਵਜੂਦ ਮੋਦੀ ਪ੍ਰਧਾਨ ਮੰਤਰੀ ਦੀ ਪਸੰਦ ਦੇ ਰੂਪ ਵਿੱਚ ਉਕਤ ਸਰਵੇ ਵਿੱਚ 50 ਫੀਸਦੀ ਸਮਰਥਨ ਹਾਸਲ ਕਰਨ ਤੋਂ ਨਾਕਾਮ ਰਹੇ। ਮੱਧ ਪ੍ਰਦੇਸ਼ ਵਿੱਚ ਅਗਲੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੂੰ ਪੰਜਾਹ ਫੀਸਦੀ ਲੋਕਾਂ ਦਾ ਸਮਰਥਨ ਮਿਲਿਆ ਸੀ। ਨਰਿੰਦਰ ਮੋਦੀ ਦਾ ਪਾਰਲੀਮੈਂਟ ਚੋਣ ਖੇਤਰ ਵਾਰਾਣਸੀ ਹੈ, ਜਿਸ ਨੂੰ ਕਾਸ਼ੀ ਕਿਹਾ ਜਾਂਦਾ ਹੈ। ਅਗਲੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਮੱਧ ਪ੍ਰਦੇਸ਼ ਵਿੱਚ ਪੰਜਾਹ ਫੀਸਦੀ ਵੋਟਾਂ ਤੋਂ ਇਲਾਵਾ ਮੋਦੀ ਨੂੰ ਛੱਤੀਸਗੜ੍ਹ 'ਚ 59, ਰਾਜਸਥਾਨ 'ਚ 57 ਅਤੇ ਕਰਨਾਟਕ ਵਿੱਚ 55 ਫੀਸਦੀ ਵੋਟਾਂ ਮਿਲੀਆਂ ਸਨ। ਸਰਵੇ ਯੂ ਪੀ ਦੇ 50 ਪਾਰਲੀਮੈਂਟ ਖੇਤਰਾਂ ਤੋਂ ਲਈਆਂ ਗਈਆਂ ਟੈਲੀਫੋਨ ਇੰਟਰਵਿਊ 'ਤੇ ਆਧਾਰਤ ਹਨ। ਯੂ ਪੀ ਲਈ ਸਰਵੇ ਵਿੱਚ ਕੁੱਲ 30450 ਲੋਕਾਂ ਨੇ ਹਿੱਸਾ ਲਿਆ ਤੇ ਇਹ 15 ਸਤੰਬਰ ਤੋਂ 19 ਸਤੰਬਰ ਵਿਚਾਲੇ ਕੀਤਾ ਸੀ। ਇਸ ਵਿੱਚ ਮੋਦੀ ਤੋਂ ਬਾਅਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਯੂ ਪੀ ਦੀ ਜਨਤਾ ਨੇ ਅਗਲੇ ਪ੍ਰਧਾਨ ਮੰਤਰੀ ਲਈ 15 ਫੀਸਦੀ ਵੋਟਾਂ ਦਿੱਤੀਆਂ। ਸੂਬੇ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਇਸ ਮਾਮਲੇ ਵਿੱਚ ਸੱਤ ਫੀਸਦੀ ਅਤੇ ਮਾਇਆਵਤੀ ਨੂੰ ਪੰਜ ਫੀਸਦੀ ਵੋਟਾਂ ਮਿਲੀਆਂ ਹਨ।


PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Honesty, Reliability, Commitment
HomeLife SilverCity
"Open House Until Sold"
○ 1yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 Hwy 20 & Stanley St. Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 Wanless & Mclaughlin Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 Hwy 10/ Sandalwood A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 Chinguacousy/Queen Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance Call : 416.319.0551

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

◆ Insurance ◆
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

# ਟਰੰਪ ਨੂੰ ਭੇਜੇ ਗਏ ਸ਼ੱਕੀ ਪੱਤਰ ਵਿੱਚ ਜ਼ਹਿਰ ਹੋਣ ਦਾ ਸ਼ੱਕ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਮਰੀਕਾ ਦੇ ਫੌਜੀ ਹੈਡਕੁਆਰਟਰ ਨੂੰ ਲਿਖੇ ਗਏ ਇਕ ਪੱਤਰ ਵਿੱਚ ਜਾਨਲੇਵਾ ਜ਼ਹਿਰੀਲਾ ਪਦਾਰਥ ਰਾਈਸਿਨ ਹੋਣ ਦਾ ਸ਼ੱਕ ਪ੍ਰਗਟਾਇਆ ਗਿਆ ਹੈ।



ਰੱਖਿਆ ਮੰਤਰਾਲੇ ਦੇ ਬੁਲਾਰੇ ਮੁਤਾਬਕ ਅਮਰੀਕੀ ਖੁਫੀਆ ਏਜੰਸੀ ਨੇ ਦੱਸਿਆ ਕਿ ਉਸ ਨੂੰ ਬੀਤੇ ਦਿਨੀਂ ਟਰੰਪ ਨੂੰ ਸੰਬੋਧਨ ਕਰਕੇ ਲਿਖਿਆ ਗਿਆ ਇਕ ਸ਼ੱਕੀ ਲਿਫਾਫਾ ਮਿਲਿਆ ਅਤੇ ਇਸੇ ਦਿਨ ਪੈਂਟਾਗਨ ਦੇ ਜਾਂਚ ਕੇਂਦਰ ਵਿੱਚ ਉਸ ਨੂੰ ਲਿਖੇ ਗਏ ਘੱਟੋ ਘੱਟ ਦੋ ਹੋਰ ਸ਼ੱਕੀ ਲਿਫਾਫੇ ਵੀ ਮਿਲੇ। ਖੁਫੀਆ ਏਜੰਸੀ ਦੇ ਮੁਤਾਬਕ ਇਹ ਲਿਫਾਫਾ ਨਾ ਤਾਂ ਵ੍ਹਾਈਟ ਹਾਊਸ ਵਿੱਚ ਲਿਆ ਗਿਆ ਅਤੇ ਨਾ ਉਸ ਨੂੰ ਵ੍ਹਾਈਟ ਹਾਊਸ ਵਿੱਚ ਲਿਆਂਦਾ ਗਿਆ। ਬੁਲਾਰੇ ਕ੍ਰਿਮ ਸ਼ੇਰਵੁਡ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਇਸ ਵਿੱਚ ਅੱਤਵਾਦੀ ਸਾਜ਼ਿਸ਼ ਵਿੱਚ ਵਰਤਿਆ ਜਾਣ ਵਾਲਾ ਰਾਈਸਿਨ ਜ਼ਹਿਰ ਹੋਣ ਦਾ ਸ਼ੱਕ ਹੈ। ਪੈਂਟਾਗਨ ਪੁਲਸ ਨੇ ਇਸ ਦੀ ਜਾਂਚ ਐਫ ਬੀ ਆਈ ਨੂੰ ਸੌਂਪ ਦਿੱਤੀ ਹੈ। ਇਕ ਰੱਖਿਆ ਅਧਿਕਾਰੀ ਦੇ ਮੁਤਾਬਕ ਇਹ ਪੱਤਰ ਰੱਖਿਆ ਮੰਤਰੀ ਜਿਮ ਮੈਟਿਸ ਅਤੇ ਨੇਵੀ ਦੇ ਚੀਫ ਐਡਮਿਰਲ ਜਾਨ ਰਿਚਰਡਸਨ ਨੂੰ ਲਿਖੇ ਗਏ ਹਨ। ਸੀ ਐਨ ਐਨ ਨੇ ਸਾਂਝੀ ਜਾਂਚ ਦੀ ਜਾਣਕਾਰੀ ਰੱਖਣ ਵਾਲੇ ਸੂਤਰ ਦੇ ਹਵਾਲੇ ਨਾਲ ਕਿਹਾ ਕਿ ਵ੍ਹਾਈਟ ਹਾਊਸ ਅਤੇ ਪੈਂਟਾਗਨ ਨੂੰ ਭੇਜੇ ਗਏ ਪੱਤਰ ਆਪੋ ਵਿੱਚ ਸੰਬੰਧਤ ਹਨ ਤੇ ਉਨ੍ਹਾਂ ਵਿੱਚ ਕਾਸਟਰ ਤੇਲ ਦੇ ਬੀਜ ਤੋਂ ਬਣਿਆ ਪਦਾਰਥ (ਰਾਈਸਿਨ) ਹੈ, ਪਰ ਅਧਿਕਾਰੀ ਫਿਲਹਾਲ ਇਸ ਦੀ ਪੁਸ਼ਟੀ ਦਾ ਇੰਤਜ਼ਾਰ ਕਰ ਰਹੇ ਹਨ।

## ਅਮਰੀਕਾ ਵਿੱਚ ਐਟਮੀ ਊਰਜਾ ਵਿਭਾਗ ਦੀ ਮੁਖੀ ਭਾਰਤੀ ਮੂਲ ਦੀ ਰੀਤਾ ਬਰਨਵਾਲ ਬਣੇਗੀ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਸੀਨੀਅਰ ਭਾਰਤੀ - ਅਮਰੀਕੀ ਮਹਿਲਾ ਨੂੰ ਆਪਣੇ ਐਟਮੀ ਊਰਜਾ ਵਿਭਾਗ ਵਿਚ ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਆਧੁਨਿਕ ਰਿਐਕਟਰ ਦੇ ਵਿਕਾਸ ਵਿਚ ਤੇਜੀ ਲਿਆਉਣ ਲਈ ਇਕ ਨਵੇਂ ਕਨੂੰਨ ਉੱਤੇ ਦਸਖਤ ਕਰਨ ਦੇ ਕੁਝ ਦਿਨ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਡਾ. ਰੀਤਾ ਬਰਨ-ਵਾਲ ਨੂੰ ਊਰਜਾ ਮੰਤਰਾਲਾ ਵਿਚ ਸਹਾਇਕ ਊਰਜਾ ਮੰਤਰੀ (ਐਟਮੀ ਊਰਜਾ) ਨਿਯੁਕਤ ਕੀਤਾ ਜਾਵੇਗਾ। ਇਹ ਮੰਤਰਾਲੇ ਵਿਚ ਮਹੱਤਵ ਪੂਰਨ ਪ੍ਰਬੰਧਕੀ ਅਹੁਦਾ ਹੈ।



ਬਰਨਵਾਲ ਇਸ ਵੇਲੇ ਗੇਟਵੇ ਫਾਰ ਐਕਸੀਲਰੇਟੇਡ ਇਨੋਵੇਸ਼ਨ ਇਨ ਨਿਊਕਲੀਅਰ (ਜੀ ਏ ਆਈ ਐਨ) ਵਿੱਚ ਫਸਟ ਡਾਇਰੈਕਟਰ ਵਜੋਂ ਕੰਮ ਕਰ ਰਹੀ ਹੈ। ਜੇ ਸੀਨੇਟ ਤੋਂ ਪੁਸ਼ਟੀ ਹੁੰਦੀ ਹੈ ਤਾਂ ਸਹਾਇਕ ਊਰਜਾ ਮੰਤਰੀ ਦੇ ਤੌਰ ਉੱਤੇ ਬਰਨਵਾਲ ਐਟਮੀ ਊਰਜਾ ਵਿਭਾਗ ਦੀ ਅਗਵਾਈ ਕਰੇਗੀ। ਖ਼ਬਰਾਂ ਅਨੁਸਾਰ ਇਸ ਤੋਂ ਪਹਿਲਾਂ ਉਹ ਵੇਸਟਿੰਗ ਹਾਉਸ ਵਿਚ ਤਕਨੀਕੀ ਵਿਕਾਸ ਅਤੇ ਕਾਰਜ ਦੀ ਡਾਇਰੈਕਟਰ ਵਜੋਂ ਕੰਮ ਕਰ ਚੁੱਕੀ ਹੈ। ਉਨ੍ਹਾਂ ਨੇ ਅਮਰੀਕੀ ਨੇਵੀ ਰਿਐਕਟਰਾਂ ਲਈ ਐਟਮੀ ਊਰਜਾ ਵਿਚ ਜਾਂਚ ਤੇ ਵਿਕਾਸ ਦੀ ਅਗਵਾਈ ਕੀਤੀ ਹੋਈ ਹੈ। ਟਰੰਪ ਨੇ ਪਿਛਲੇ ਹਫ਼ਤੇ ਹੀ ਐਟਮੀ ਊਰਜਾ ਇਨੋਵੇਸ਼ਨ ਕੈਪੇਬਿਲਿਟੀ ਐਕਟ ਉੱਤੇ ਦਸਖਤ ਕੀਤੇ ਸੀ।

## ਕੈਮਿਸਟਰੀ ਦਾ ਨੋਬਲ ਐਲਾਨ


Frances H. Arnold George P. Smith Sir Gregory P. Winter

ਸਟਾਕਹੋਮ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਸਾਇੰਸਦਾਨਾਂ ਫ਼ਾਂਸਿਸ ਐਰਨਾਲਡ, ਜਾਰਜ ਸਮਿਥ ਤੇ ਬ੍ਰਿਟੇਨ ਦੇ ਖੋਜੀ ਗ੍ਰੇਗਰੀ ਵਿੰਟਰ ਨੂੰ ਇਸ ਸਾਲ ਦਾ ਕੈਮਿਸਟਰੀ ਦਾ ਨੋਬਲ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਤਿੰਨਾਂ ਨੇ ਉਹ ਅੰਜ਼ਾਇਮ ਬਣਾਉਣ ਲਈ ਐਵੋਲਿਊਸ਼ਨ ਦੇ ਸਿਧਾਂਤ ਦਾ ਇਸਤੇਮ-ਾਲ ਕੀਤਾ ਸੀ, ਜਿਸ ਦੀ ਵਰਤੋਂ ਬਾਇਓ ਫਿਊਲ ਤੋਂ ਲੈ ਕੇ ਦਵਾਈਆਂ ਬਣਾਉਣ ਤੱਕ ਕੀਤੀ ਜਾ ਸਕਦੀ ਹੈ।

ਫਰਾਂਸੇਸ ਐਰਨਾਲਡ ਅਜਿਹੀ ਪੰਜਵੀਂ ਮਹਿਲਾ ਵਿਗਿਆਨੀ ਹੈ, ਜਿਨ੍ਹਾਂ ਨੂੰ ਕੈਮਿਸਟਰੀ ਦਾ ਇਹ ਪ੍ਰਸਿੱਧ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਕੁੱਲ ਇਨਾਮ ਰਾਸ਼ੀ 10.10 ਲੱਖ ਡਾਲਰ ਵਿੱਚੋਂ ਅੱਧਾ ਮਿਲੇਗਾ। ਬਾਕੀ ਦਾ ਅੱਧਾ ਹਿੱਸਾ ਹੋਰ ਦੋ ਸਾਇੰਸਦਾਨਾਂ ਸਮਿਥ ਤੇ ਵਿੰਟਰ ਨੂੰ ਦਿੱਤਾ ਜਾਵੇਗਾ। ਸਵੀਡਿਸ਼ ਰਾਇਲ ਅਕੈਡਮੀ ਆਫ ਸਾਇੰਸਿਜ਼ ਨੇ ਕੱਲ੍ਹ ਜਾਰੀ ਬਿਆਨ 'ਚ ਕਿਹਾ ਕਿ ਤਿੰਨਾਂ ਵਿਗਿਆਨੀਆਂ ਨੇ ਐਵੋਲਿਊਸ਼ਨ ਸਿਧਾਂਤ ਦੀ ਵਰਤੋਂ ਉਨ੍ਹਾਂ ਉਦੇਸ਼ਾਂ ਲਈ ਕੀਤੀ ਹੈ, ਜਿਸ ਨਾਲ ਮਨੁੱਖਤਾ ਨੂੰ ਸਭ ਤੋਂ ਵੱਧ ਫਾਇਦਾ ਪਹੁੰਚਦਾ ਹੈ। ਤਿੰਨਾਂ ਵਿਗਿਆਨੀਆਂ ਨੇ ਪ੍ਰੋਟੀਨਾਂ ਦੇ ਵਿਕਾਸ ਲਈ ਐਵੋਲਿਊਸ਼ਨ ਦੇ ਸਿਧਾਂਤਾਂ ਜੈਨੇਟਿਕ ਬਦਲਾਅ ਅਤੇ ਚੋਣ ਦੀ ਵਰਤੋਂ ਕੀਤੀ ਹੈ। ਇਸ ਪ੍ਰੋਟੀਨਾਂ ਦੀ ਵਰਤੋਂ ਵੱਖ-ਵੱਖ ਖੇਤਰਾਂ 'ਚ ਕੀਤੀ ਜਾਂਦੀ ਹੈ। ਅਕਾਦਮੀ ਦੀ ਨੋਬਲ ਕੈਮਿਸਟਰੀ ਕਮੇਟੀ ਦੇ ਮੁਖੀ ਕਲਾਈਜ ਗੁਸਤਾਫਸਨ ਨੇ ਦੱਸਿਆ ਕਿ ਤਿੰਨਾਂ ਵਿਗਿਆਨੀਆਂ ਨੇ ਟੈਸਟ ਟਿਊਬ 'ਚ ਡਾਰਵਿਨ ਦੇ ਸਿਧਾਂਤ ਲਾਗੂ ਕੀਤੇ ਹਨ।

## ਸੂਰਜ ਦੀ ਪਰਿਕਰਮਾ ਕਰਨ ਵਾਲਾ ਉਲਕਾ ਪਿੰਡ ਲੱਭਾ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਸੂਰਜ ਮੰਡਲ ਦੇ ਆਖਰੀ ਕਿਨਾਰੇ ਉੱਤੇ ਇਕ ਨਵੇਂ ਪਿੰਡ ਦੀ ਖੋਜ ਹੋਈ ਹੈ। '2015 ਟੀ ਜੀ 378' ਨਾਂਅ ਦਾ ਇਹ ਪਿੰਡ 40 ਹਜ਼ਾਰ ਸਾਲਾਂ 'ਚ ਸੂਰਜ ਦੀ ਪਰਿਕਰਮਾ ਪੂਰੀ ਕਰਦਾ ਹੈ।



ਅਮਰੀਕਾ ਦੇ ਕਾਰਨੇਗੀ ਇੰਸਟੀਚਿਊਸ਼ਨ ਫਾਰ ਸਾਇੰਸ ਦੇ ਖੋਜੀਆਂ ਅਨੁਸਾਰ ਇਹ ਉਲਕਾ ਪਿੰਡ ਸੂਰਜ ਤੋਂ 80 ਐਸਟਰੋਨਾਮੀਕਲਸ ਯੂਨਿਟ (ਏ ਯੂ) ਦੀ ਦੂਰੀ ਉਤੇ ਹੈ। ਏ ਯੂ ਸੂਰਜ ਤੇ ਧਰਤੀ ਦੀ ਵਿਚਲੀ ਦੂਰੀ ਦਾ ਮਾਪ ਯੰਤਰ ਹੈ। '2015 ਟੀ ਜੀ 378' ਤੋਂ ਸੂਰਜ ਦੀ ਦੂਰੀ ਸੂਰਜ ਅਤੇ ਪਲੂਟੋ ਦੀ ਦੂਰੀ ਨਾਲੋਂ ਵੀ ਢਾਈ ਗੁਣਾ ਵੱਧ ਹੈ। ਪਰਿਕਰਮਾ ਦੌਰਾਨ ਇਸ ਪਿੰਡ ਦੀ ਸੂਰਜ ਤੋਂ ਦੂਰੀ ਕਰੀਬ 65 ਏ ਯੂ ਰਹਿੰਦੀ ਹੈ। ਇਸ ਦੇ ਇਲਾਵਾ ਕੇਵਲ 2012 ਵੀ ਪੀ 113 ਸੂਰਜ ਤੋਂ 80 ਏ ਯੂ ਅਤੇ ਸੇਡਨਾ 76 ਏ ਯੂ ਦੀ ਦੂਰੀ ਉਤੇ ਹੈ। 2015 ਟੀ ਜੀ 387 ਅਤੇ ਮੰਡਲ 'ਚ ਮੌਜੂਦ ਕੁਝ ਪਿੰਡਾਂ 'ਚ ਸ਼ਾਮਲ ਹੈ ਜੋ ਬ੍ਰਹਿਸਪਤੀ ਤੇ ਵਰੁਣ ਗ੍ਰਹਿ ਦੇ ਚੁੰਬਕੀ ਖੇਤਰ 'ਚ ਨਹੀਂ ਆਉਂਦੇ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਨ੍ਹਾਂ ਨਾਲ ਸੂਰਜ ਮੰਡਲ ਦੇ ਆਖਰੀ ਕਿਨਾਰੇ ਹੋ ਰਹੀਆਂ ਘਟਨਾਵਾਂ ਦਾ ਪਤਾ ਲਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਹਜ਼ਾਰਾਂ ਪਿੰਡ ਸੂਰਜ ਮੰਡਲ 'ਚ ਹੋ ਸਕਦੇ ਹਨ, ਪਰ ਜ਼ਿਆਦਾ ਦੂਰੀ ਦੇ ਕਾਰਨ ਕੋਜ ਕਰਨਾ ਮੁਸ਼ਕਿਲ ਹੈ। 2015 ਟੀਜੀ 387 99 ਫੀਸਦੀ ਸਮੇਂ ਤੱਕ ਸੂਰਜ ਤੋਂ ਇਨ੍ਹਾਂ ਦੂਰ ਹੁੰਦਾ ਹੈ ਕਿ ਇਸ ਨੂੰ ਆਸਾਨੀ ਨਾਲ ਦੇਖਿਆ ਨਹੀਂ ਜਾ ਸਕਦਾ।

# ਚੀਨੀ ਅਭਿਨੇਤਰੀ ਨੂੰ ਖੁਫੀਆ ਹਿਰਾਸਤ ਤੋਂ ਛੱਡਿਆ ਗਿਆ

ਬੀਜਿੰਗ, 4 ਅਕਤੂਬਰ (ਪੋਸਟ ਬਿਊਰੋ)- ਚੀਨ ਦੀ ਸਭ ਤੋਂ ਵੱਧ ਕਮਾਊ ਅਭਿਨੇਤਰੀ ਫੈਨ ਬਿੰਗਬਿੰਗ ਨੂੰ ਤਿੰਨ ਮਹੀਨੇ ਦੀ ਖੁਫੀਆ ਹਿਰਾਸਤ ਤੋਂ ਛੱਡ ਦਿੱਤਾ ਗਿਆ ਹੈ। ਟੈਕਸ ਚੋਰੀ ਦੇ ਦੋਸ਼ ਲੱਗਣ ਪਿੱਛੋਂ ਬਿੰਗਬਿੰਗ ਜੂਨ ਮਹੀਨੇ ਤੋਂ ਅਚਾਨਕ ਗਾਇਬ ਹੋ ਗਈ ਸੀ। ਐਕਸ-ਮੈਨ ਅਤੇ ਆਇਰਨ ਮੈਨ ਆਦਿ ਫਿਲਮਾਂ ਵਿਚ ਕੰਮ ਕਰ ਚੁੱਕੀ ਅਭਿਨੇਤਰੀ ਦੇ ਅਚਾਨਕ ਗਾਇਬ ਹੋ ਜਾਣ ਕਾਰਨ ਦੁਨੀਆ ਭਰ ਵਿੱਚ ਮੌਜੂਦ ਉਸ ਦੇ ਪ੍ਰਸ਼ੰਸਕ ਚਿੰਤਤ ਸਨ। ਬਾਅਦ ਵਿੱਚ ਪਤਾ ਲੱਗਾ ਕਿ ਉਹ ਖੁਫੀਆ ਹਿਰਾਸਤ ਵਿੱਚ ਹੈ। ਅਧਿਕਾਰੀਆਂ ਨੇ ਉਨ੍ਹਾਂ ਨੂੰ ਮੁਕਤ ਕਰਨ ਦੇ ਨਾਲ ਟੈਕਸ ਚੋਰੀ ਕਰਨ ਦੇ ਜੁਰਮ ਵਿੱਚ 13 ਕਰੋੜ ਡਾਲਰ ਜਮ੍ਹਾਂ ਕਰਵਾਉਣ ਦਾ ਵੀ ਆਦੇਸ਼ ਦਿੱਤਾ ਹੈ।



ਫੈਨ ਬਿੰਗਬਿੰਗ ਪਹਿਲੀ ਵਾਰ ਟੈਕਸ ਚੋਰੀ ਦੀ ਦੋਸ਼ੀ ਪਾਈ ਗਈ ਹੈ। ਇਸੇ ਕਾਰਨ ਜੇ ਤੈਅ ਹੱਦ ਦੇ ਅੰਦਰ ਸਾਰੇ ਟੈਕਸ ਅਤੇ ਜੁਰਮਾਨਾ ਜਮ੍ਹਾਂ ਕਰਵਾ ਦਿੰਦੀ ਹੈ ਤਾਂ ਉਸ ਉਤੇ ਕੇਸ ਨਹੀਂ ਚਲਾਇਆ ਜਾਵੇਗਾ। ਟੈਕਸ ਜਮ੍ਹਾਂ ਕਰਵਾਉਣ ਦੀ ਆਖਰੀ ਤਰੀਕ ਜਨਤਕ ਨਹੀਂ ਕੀਤੀ ਗਈ। ਕੁਝ ਰਿਪੋਰਟਾਂ ਅਨੁਸਾਰ ਅਭਿਨੇਤਰੀ ਨੂੰ ਜਿਆਂਗਸੂ ਸੂਬੇ ਦੇ 'ਹਾਲੀਡੇ ਰਿਜ਼ਾਰਟ' ਵਿੱਚ ਰੱਖਿਆ ਗਿਆ ਸੀ। ਟੈਕਸ ਚੋਰੀ ਕਰਨ ਦੀ ਦੋਸ਼ੀ ਪਾਏ ਜਾਣ ਉੱਤੇ ਫੈਨ ਨੇ ਸ਼ਰਮਿੰਦਗੀ ਪ੍ਰਗਟ ਕਰਦੇ ਹੋਏ ਸੋਸ਼ਲ ਮੀਡੀਆ ਉਤੇ ਸਭ ਤੋਂ ਮੁਆਫੀ ਮੰਗੀ ਹੈ।

## ਪਾਕਿਸਤਾਨ ਦੀ ਫੌਜੀ ਮਦਦ ਬਹਾਲ ਹੋਣ ਦੇ ਆਸਾਰ ਬਹੁਤੇ ਨਹੀਂ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵੱਲੋਂ ਪਾਕਿਸਤਾਨ ਦੀ ਰੋਕੀ ਗਈ ਫੌਜੀ ਮਦਦ ਬਹਾਲ ਕਰਨ ਦੇ ਉਦੋਂ ਤੱਕ ਆਸਾਰ ਨਹੀਂ, ਜਦੋਂ ਤੱਕ ਉਸ ਵੱਲੋਂ ਦਹਿਸ਼ਤਗਰਦਾਂ ਤੇ ਉਨ੍ਹਾਂ ਦੀਆਂ ਸੁਰੱਖਿਅਤ ਪਨਾਹਗਾਹਾਂ ਖਿਲਾਫ ਢੁਕਵੀਂ ਕਾਰਵਾਈ ਹੁੰਦੀ ਨਹੀਂ ਦਿਸਦੀ। ਇਥੇ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਵੱਲੋਂ ਦੁਵੱਲੇ ਸਬੰਧਾਂ ਵਿੱਚ ਸੁਧਾਰ ਲਿਆਉਣ ਲਈ ਕੀਤੀ ਮੀਟਿੰਗ ਦੌਰਾਨ ਟਰੰਪ ਪ੍ਰਸ਼ਾਸਨ ਨੇ ਇਸਲਾਮਾਬਾਦ ਤੱਕ ਇਹ ਗੱਲ ਪਹੁੰਚਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਵਿਦੇਸ਼ ਮੰਤਰੀ ਮਾਈਕ ਪੋਂਪੀਓ ਤੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨਾਲ ਕੀਤੀਆਂ ਵੱਖੋ ਵੱਖਰੀਆਂ ਮੀਟਿੰਗਾਂ ਦੌਰਾਨ ਇਹ ਗੱਲ ਆਖੀ ਹੈ ਕਿ ਜਿਥੋਂ ਤੱਕ ਪਾਕਿਸਤਾਨੀ ਜ਼ਮੀਨ ਤੋਂ ਸਰਗਰਮ ਦਹਿਸ਼ਤਗਰਦਾਂ ਖਿਲਾਫ ਕਾਰਵਾਈ ਦਾ ਸਬੰਧ ਹੈ, ਉਸ ਬਾਰੇ ਜ਼ਮੀਨੀ ਹਾਲਤ ਵਿਚ ਕੋਈ ਖਾਸ ਤਬਦੀਲੀ ਨਜ਼ਰ ਨਹੀਂ ਆਈ। ਤਾਲਿਬਾਨ ਉਪਰ ਪਾਕਿਸਤਾਨ ਦੇ ਅਸਰ ਕਾਰਨ ਟਰੰਪ ਸਰਕਾਰ ਚਾਹੁੰਦੀ ਹੈ ਕਿ 17 ਸਾਲ ਪੁਰਾਣੀ ਜੰਗ ਮੁਕਾਉਣ ਲਈ ਉਹ ਉਨ੍ਹਾਂ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਵੇ। ਕੁਰੈਸ਼ੀ ਅਤੇ ਪੋਂਪੀਓ ਵਿਚਾਲੇ ਵਿਦੇਸ਼ ਵਿਭਾਗ ਦੇ ਫੌਜੀ ਬੌਟਮ ਹੈਡਕੁਆਰਟਰਜ਼ ਵਿਖੇ ਕਰੀਬ 20 ਮਿੰਟ ਮੀਟਿੰਗ ਹੋਈ ਸੀ। ਵਿਦੇਸ਼ ਵਿਭਾਗ ਵੱਲੋਂ ਆਮ ਤੌਰ 'ਤੇ ਮੀਟਿੰਗ ਪਿੱਛੋਂ ਕੋਈ ਬਿਆਨ ਜਾਰੀ ਨਹੀਂ ਕੀਤਾ ਜਾਂਦਾ, ਜਿਵੇਂ ਅਕਸਰ ਕੌਮੀ ਸੁਰੱਖਿਆ ਸਲਾਹਕਾਰ ਵੱਲੋਂ ਵਿਦੇਸ਼ੀ ਆਗੂਆਂ ਨਾਲ ਮੁਲਾਕਾਤ ਤੋਂ ਬਾਅਦ ਕੀਤਾ ਜਾਂਦਾ ਹੈ। ਬੋਲਟਨ ਅਤੇ ਪੋਂਪੀਓ ਨਾਲ ਹੋਈਆਂ ਵੱਖੋਂ ਵੱਖਰੀਆਂ ਮੀਟਿੰਗਾਂ ਵਿਚ ਅਫਗਾਨਿਸਤਾਨ ਦੇ ਹਾਲਾਤ ਦਾ ਮੁੱਦਾ ਭਾਰੂ ਰਿਹਾ ਸੀ।

## ਬ੍ਰਿਟੇਨ 'ਚ ਇੱਕ ਜੋੜੇ ਨੇ ਵਿਆਹ ਮੌਕੇ ਮਹਿਮਾਨਾਂ ਲਈ ਅਨੋਖੀਆਂ ਸ਼ਰਤਾਂ ਰੱਖੀਆਂ

ਲੰਡਨ, 4 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਇਕ ਜੋੜੇ ਨੇ ਆਪਣੇ ਵਿਆਹ ਵਿਚ ਆਉਣ ਵਾਲੇ ਮਹਿਮਾਨਾਂ ਲਈ ਫੇਸਬੁੱਕ-ਟਵਿੱਟਰ ਦੀਆਂ ਸੋਸ਼ਲ ਮੀਡੀਆ ਸਾਈਟਾਂ ਦੀ ਵਰਤੋਂ ਨਾ ਕਰਨ ਦੀ ਸ਼ਰਤ ਰੱਖੀ ਅਤੇ ਕੱਪੜਿਆਂ, ਮੇਕਅੱਪ ਤੇ ਗਿਫਟ ਬਾਰੇ ਕੁਝ ਨਿਯਮ ਦੱਸੇ ਹਨ। ਖਾਸ ਗੱਲ ਇਹ ਕਿ ਸਭ ਸ਼ਰਤਾਂ ਵਿਆਹ ਦੇ ਕਾਰਡ ਵਿਚ ਛਪੀਆਂ ਹਨ। ਮਹਿਮਾਨਾਂ ਨੂੰ ਕਾਰਡ ਦੀ ਕਾਪੀ ਭੇਜਣ ਦੇ ਨਾਲ ਹੀ ਇਸ ਨੂੰ ਸੋਸ਼ਲ ਮੀਡੀਆ ਉੱਤੇ ਸਾਂਝਾ ਕੀਤਾ ਗਿਆ ਹੈ। ਵਿਆਹ ਦੇ ਇਸ ਕਾਰਡ ਵਿਚ ਮਹਿਮਾਨਾਂ ਨੂੰ 15 ਤੋਂ 30 ਮਿੰਟ ਪਹਿਲਾਂ ਵਿਆਹ ਸਥਾਨ ਉੱਤੇ ਪਹੁੰਚਣ ਲਈ ਅਪੀਲ ਕੀਤੀ ਗਈ ਹੈ। ਉਨ੍ਹਾਂ ਨੂੰ ਸਾਫ ਕਿਹਾ ਗਿਆ ਹੈ ਕਿ ਸਫੈਦ, ਕ੍ਰੀਮ ਤੇ ਸਲੇਟੀ ਰੰਗ ਦੇ ਕੱਪੜੇ ਪਾ ਕੇ ਨਾ ਆਉਣ। ਔਰਤ ਮਹਿਮਾਨਾਂ ਨੂੰ ਜ਼ਿਆਦਾ ਮੇਕਅੱਪ ਨਾ ਕਰਨ ਦੀ ਅਪੀਲ ਕੀਤੀ ਗਈ ਅਤੇ ਵਾਲ ਖੋਲ੍ਹਣ ਦੀ ਬਜਾਏ ਜੂੜਾ ਜਾਂ ਗੁੱਤ ਕਰਨ ਨੂੰ ਕਿਹਾ ਗਿਆ ਹੈ। ਮਹਿਮਾਨਾਂ ਨੂੰ ਵਿਆਹ ਦੀਆਂ ਰਸਮਾਂ ਸਮੇਂ ਵੀਡੀਓ ਬਣਾਉਣੀ ਮਨ੍ਹਾ ਹੋਵੇਗੀ। ਉਹ ਚਾਹੁਣ ਤਾਂ ਲਾੜਾ-ਲਾੜੀ ਦੀ ਫੋਟੋ ਲੈ ਸਕਦੇ ਹਨ। ਫੋਟੋ ਕਿਸ 'ਹੈਸ਼ਟੈਗ' ਨਾਲ ਫੇਸਬੁੱਕ, ਟਵਿੱਟਰ ਤੇ ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਜਾਣਗੀਆਂ, ਇਸ ਦਾ ਜ਼ਿਕਰ ਵੀ ਕਾਰਡ ਵਿਚ ਕੀਤਾ ਗਿਆ ਹੈ। ਮਹਿਮਾਨਾਂ ਨੂੰ ਇਹ ਵੀ ਕਿਹਾ ਹੈ ਕਿ ਵਿਆਹ ਵਾਲੇ ਦਿਨ ਉਹ ਲਾੜੀ ਨਾਲ ਗੱਲ ਨਾ ਕਰਨ। ਇਕ ਹੋਰ, ਵਿਆਹ ਵਿਚ ਆਉਣ ਵਾਲੇ ਮਹਿਮਾਨਾਂ ਨੂੰ 75 ਡਾਲਰ ਤੋਂ ਘੱਟ ਦਾ ਤੋਹਫਾ ਨਾ ਲਿਆਉਣ ਨੂੰ ਕਿਹਾ ਗਿਆ ਤੇ ਇਹ ਵੀ ਕਿਹਾ ਹੈ ਕਿ ਜਿਹੜੇ ਲੋਕ ਵਿਆਹ ਦੀਆਂ ਰਸਮਾਂ ਪਿੱਛੋਂ ਲਾੜਾ-ਲਾੜੀ ਨਾਲ ਜਾਮ ਛਲਕਾਉਣ ਲਈ ਤਿਆਰ ਹਨ, ਉਹੀ ਵਿਆਹ ਵਿਚ ਆਉਣ।



## ਅਮਰੀਕੀ ਵਿਦੇਸ਼ ਮੰਤਰੀ ਪੋਂਪੀਓ ਅਗਲੇ ਹਫਤੇ ਕਿਮ ਜੋਂਗ ਨਾਲ ਮੁਲਾਕਾਤ ਕਰਨਗੇ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਐਟਮੀ ਮੁੱਦੇ ਉੱਤੇ ਗੱਲਬਾਤ ਵਿੱਚ ਰੇੜਕੇ ਦੂਰ ਹੋਣ ਤੋਂ ਬਾਅਦ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਅਗਲੇ ਹਫਤੇ ਉਤਰੀ ਕੋਰੀਆ ਜਾ ਰਹੇ ਹਨ। ਉਹ ਪਿਓਂਗਯਾਂਗ 'ਚ ਉਤਰੀ ਕੋਰੀਆ ਦੇ ਸਰਬ ਉਚ ਨੇਤਾ ਕਿਮ ਜੋਂਗ ਉਨ ਨਾਲ ਮੁਲਾਕਾਤ ਕਰਨਗੇ।



ਵਿਦੇਸ਼ ਮੰਤਰਾਲੇ ਦੀ ਬੁਲਾਰਾ ਹੀਥਰ ਨੌਆਰਟ ਨੇ ਪੱਤਰਕਾਰਾਂ ਨੂੰ ਕਿਹਾ ਕਿ ਪੋਂਪੀਓ ਛੇ ਤੋਂ ਅੱਠ ਅਕਤੂਬਰ ਤੱਕ ਚਾਰ ਏਸ਼ੀਆਈ ਦੇਸ਼ਾਂ ਉਤਰੀ ਕੋਰੀਆ, ਦੱਖਣੀ ਕੋਰੀਆ, ਚੀਨ ਅਤੇ ਜਾਪਾਨ ਦੇ ਦੌਰੇ ਉਤੇ ਰਹਿਣਗੇ। ਉਹ ਛੇ ਸੱਤ ਨੂੰ ਟੋਕੀਓ ਵਿੱਚ ਰਹਿਣਗੇ ਤੇ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨਾਲ ਮੁਲਾਕਾਤ ਕਰਨਗੇ। ਫਿਰ ਪਿਓਂਗਯਾਂਗ ਜਾਣਗੇ ਤੇ ਕਿਮ ਜੋਂਗ ਉਨ ਨੂੰ ਮਿਲਣਗੇ। ਇਥੋਂ ਅੱਗੇ ਸਿਓਲ ਜਾਣਗੇ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇ ਇਨ ਅਤੇ ਵਿਦੇਸ਼ ਮੰਤਰੀ ਕਾਂਗ ਕਯੂੰਗ ਵਾ ਨੂੰ ਮਿਲਣਗੇ। ਅਮਰੀਕੀ ਵਿਦੇਸ਼ ਮੰਤਰੀ ਅੱਠ ਅਕਤੂਬਰ ਨੂੰ ਬੀਜਿੰਗ ਪਹੁੰਚ ਕੇ ਚੀਨੀ ਵਿਦੇਸ਼ ਮੰਤਰੀ ਨਾਲ ਦੋ ਪੱਖੀ ਖੇਤਰਾਂ ਅਤੇ ਸੰਸਾਰ ਮਸਲਿਆਂ 'ਤੇ ਚਰਚਾ ਕਰਨਗੇ। ਨੌਆਰਟ ਨੇ ਉਤਰੀ ਕੋਰੀਆ ਨਾਲ ਗੱਲਬਾਤ 'ਚ ਆਏ ਰੇੜਕੇ ਬਾਰੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਵਰਨਣ ਯੋਗ ਹੈ ਕਿ ਸਿੰਗਾਪੁਰ 'ਚ ਜੂਨ ਮਹੀਨੇ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਕਿਮ ਦੀ ਇਤਿਹਾਸਕ ਸਿਖਰ ਗੱਲਬਾਤ ਵਿੱਚ ਕਿਮ ਨੇ ਉਤਰੀ ਕੋਰੀਆ ਦੇ ਐਟਮੀ ਨਿਸ਼ਸਤਰੀਕਰਨ ਦਾ ਵਾਅਦਾ ਕੀਤਾ ਸੀ, ਪਰ ਉਦੋਂ ਉਸ ਉੱਤੇ ਕੋਈ ਪ੍ਰਗਤੀ ਨਾ ਹੋਣ 'ਤੇ ਟਰੰਪ ਨੇ ਅਗਸਤ ਮਹੀਨੇ 'ਚ ਪੋਂਪੀਓ ਦਾ ਉਤਰੀ ਕੋਰੀਆ ਦਾ ਦੌਰਾ ਰੱਦ ਕਰ ਦਿੱਤਾ ਸੀ।

# ਸ਼ੂਗਰ ਨਾਲ ਕੈਂਸਰ ਦਾ ਖਤਰਾ ਵਧ ਸਕਦੈ

ਲੰਡਨ, 4 ਅਕਤੂਬਰ (ਪੋਸਟ ਬਿਊਰੋ)- ਸ਼ੂਗਰ ਨਾਲ ਕੈਂਸਰ ਹੋਣ ਦਾ ਖਤਰਾ ਵਧ ਸਕਦਾ ਹੈ ਅਤੇ ਕੈਂਸਰ ਪੀੜਤਾਂ ਦੇ ਜਿਉਂਦੇ ਰਹਿਣ ਦੀ ਸੰਭਾਵਨਾ ਘੱਟ ਹੋ ਸਕਦੀ ਹੈ।

ਸਵੀਡਿਸ਼ ਨੈਸ਼ਨਲ ਡਾਇਬਿਟੀਜ਼ ਰਜਿਸਟਰ ਦੇ ਖੋਜੀਆਂ ਅਨੁਸਾਰ 'ਸ਼ੂਗਰ ਨਾਲ ਪੀੜਤ 20 ਪ੍ਰਤੀਸ਼ਤ ਮਰੀਜ਼ਾਂ ਵਿਚ ਇਸ ਬੀਮਾਰੀ ਤੋਂ ਬਚੇ ਲੋਕਾਂ ਦੇ ਮੁਕਾ-ਬਲੇ ਕੋਲੋਰੇਕਟਲ ਕੈਂਸਰ ਹੋਣ ਦਾ ਖਤਰਾ ਸਭ ਤੋਂ ਵੱਧ ਹੁੰਦਾ ਹੈ ਅਤੇ ਪੰਜ ਪ੍ਰਤੀਸ਼ਤ ਮਰੀਜ਼ਾਂ ਵਿਚ ਛਾਤੀ ਕੈਂਸਰ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਕੈਂਸਰ ਹੋਵੇ ਅਤੇ ਉਹ ਸ਼ੂਗਰ ਤੋਂ ਵੀ ਪੀੜਤ ਹੋਣ, ਉਨ੍ਹਾਂ ਵਿਚ ਛਾਤੀ ਕੈਂਸਰ ਅਤੇ ਪ੍ਰੋਸਟੇਟ ਕੈਂਸਰ ਦੇ ਕਾਰਨ ਮੌਤ ਦੀ ਕ੍ਰਮਵਾਰ 25 ਪ੍ਰਤੀਸ਼ਤ ਅਤੇ 29 ਪ੍ਰਤੀਸ਼ਤ ਜ਼ਿਆਦਾ ਸ਼ੰਕਾ ਹੁੰਦੀ ਹੈ। ਦੁਨੀਆ ਦੇ ਕਰੀਬ 41.5 ਕਰੋੜ ਤੋਂ ਵੱਧ ਲੋਕ ਸ਼ੂਗਰ ਤੋਂ ਪੀੜਤ ਹਨ। ਹਰ 11 ਵਿਚੋਂ ਇਕ ਵਿਅਕਤੀ ਸ਼ੂਗਰ ਨਾਲ ਪੀੜਤ ਹੈ। ਸਾਲ 2040 ਤੱਕ ਇਹ ਗਿਣਤੀ ਵਧ ਕੇ 64.2 ਕਰੋੜ ਹੋ ਸਕਦੀ ਹੈ। ਖੋਜਕਰਤਾ ਜੋਰਨਸਡੋਟਿਰ ਨੇ ਕਿਹਾ, 'ਸਾਡਾ ਅਧਿਐਨ ਇਹ ਨਹੀਂ ਕਹਿੰਦਾ ਕਿ ਜਿਸ ਵੀ ਵਿਅਕਤੀ ਨੂੰ ਸ਼ੂਗਰ ਹੈ, ਉਸ ਨੂੰ ਬਾਅਦ ਵਿਚ ਕੈਂਸਰ ਹੋ ਜਾਵੇਗਾ। ਕਿਉਂਕਿ ਪਿਛਲੇ 30 ਸਾਲ ਵਿਚ ਟਾਈਪ-2 ਸ਼ੂਗਰ ਨਾਲ ਪੀੜਤ ਲੋਕਾਂ ਦੀ ਗਿਣਤੀ ਵਧੀ ਹੈ ਤਾਂ ਸਾਡਾ ਅਧਿਐਨ ਸ਼ੂਗਰ ਤੋਂ ਦੇਖਭਾਲ ਲਈ ਮਹੱਤਵ 'ਤੇ ਜ਼ੋਰ ਦਿੰਦਾ ਹੈ।'



Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
Unbeatable Prices
Good Rates
Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230
Mississauga, ON L4W 5G6

Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT
BRAND NEW MACHINES 2018
Brake & Drum - On Special Sale!
-Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਨਿਊ ਯਾਰਕ ਟਾਈਮਜ਼ ਨੇ ਟਰੰਪ ਨੂੰ ਚੋਰ ਕਹਿ ਦਿੱਤਾ

## * ਲੱਖਾਂ ਦਾ ਟੈਕਸ ਲੁਕਾਉਣ ਲਈ ਪਿਤਾ ਦੀ ਮਦਦ ਕਰਦਾ ਰਿਹਾ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਵੱਡੇ ਅਖਬਾਰ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਰੀ ਕਰ ਕੇ ਆਪਣੇ ਪਿਤਾ 'ਤੇ ਨਿਊ ਯਾਰਕ ਦੇ ਮੰਨੇ-ਪ੍ਰਮੰਨੇ ਬਿਲਡਰ ਫਰੈੱਡ ਸੀ ਟਰੰਪ ਦੀ ਅਰਬਾਂ ਰੁਪਏ ਦੀ ਜਾਇਦਾਦ ਹਾਸਲ ਕੀਤੀ ਹੈ।

ਨਿਊ ਯਾਰਕ ਟਾਈਮਜ਼ ਨੇ ਆਪਣੀ ਖਬਰ ਵਿੱਚ ਕਿਹਾ ਕਿ ਟਰੰਪ ਨੇ ਰਾਸ਼ਟਰਪਤੀ ਚੋਣਾਂ ਦੌਰਾਨ ਦਾਅਵਾ ਕੀਤਾ ਸੀ ਕਿ ਉਹ ਆਪਣੇ ਬਲਬੂਤੇ ਅਰਬਪਤੀ ਬਣੇ ਹਨ ਤੇ ਉਹ ਲੰਮਾ ਸਮਾਂ ਇਹ ਕਹਿੰਦੇ ਰਹੇ ਕਿ ਉਨ੍ਹਾਂ ਆਪਣੇ ਪਿਤਾ ਫਰੈਡ ਟਰੰਪ ਤੋਂ ਕੋਈ ਵਿੱਤੀ ਮਦਦ ਨਹੀਂ ਲਈ। ਅਖਬਾਰ ਨੇ ਦਾਅਵਾ ਕੀਤਾ ਹੈ ਕਿ ਗੁਪਤ ਟੈਕਸ ਰਿਟਰਨ ਦੇ ਬਹੁਤ ਸਾਰੇ ਦਸਤਾਵੇਜ਼ਾਂ ਤੇ ਵਿੱਤੀ ਰਿਕਾਰਡਾਂ ਦੇ ਆਧਾਰ ਉਤੇ ਉਨ੍ਹਾਂ ਦੀ ਜਾਂਚ ਵਿੱਚ ਪਾਇਆ ਗਿਆ ਕਿ ਟਰੰਪ ਨੂੰ ਆਪਣੇ ਪਿਤਾ ਦੇ ਰੀਅਲ ਅਸਟੇਟ ਦੇ ਸਾਮ-ਰਾਜ ਤੋਂ ਅੱਜ ਦੇ ਹਿਸਾਬ ਨਾਲ ਘੱਟੋ-ਘੱਟ 41.3 ਕਰੋੜ ਡਾਲਰ ਮਿਲੇ ਸਨ। ਅਖਬਾਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਵਿੱਚੋਂ ਜ਼ਿਆਦਾ ਪੈਸਾ ਟਰੰਪ ਨੂੰ ਇਸ ਲਈ ਮਿਲਿਆ ਕਿ ਉਨ੍ਹਾਂ ਟੈਕਸ ਅਦਾ ਕਰਨ ਤੋਂ ਬਚਣ ਵਿੱਚ ਮਦਦ ਕੀਤੀ ਸੀ। ਖਬਰ ਮੁਤਾਬਕ ਉਨ੍ਹਾਂ ਅਤੇ ਉਨ੍ਹਾਂ ਦੇ ਭੈਣ-ਭਰਾਵਾਂ ਨੇ ਆਪਣੇ ਪਿਤਾ ਵੱਲੋਂ ਤੋਹਫੇ ਵਿੱਚ ਮਿਲੀ ਅਰਬਾਂ ਰੁਪਏ ਦੀ ਜਾਇਦਾਦ ਨੂੰ ਲੁਕਾਉਣ ਲਈ ਕਈ ਫਰਜ਼ੀ ਕੰਪਨੀਆਂ ਬਣਾਈਆਂ। ਰਿਕਾਰਡਾਂ ਤੋਂ ਪਤਾ ਲੱਗਦਾ ਹੈ ਕਿ ਟਰੰਪ ਨੇ ਲੱਖਾਂ ਰੁਪਏ ਦੇ ਟੈਕਸ ਲੁਕਾਉਣ ਲਈ ਆਪਣੇ ਪਿਤਾ ਦੀ ਮਦਦ ਕੀਤੀ।



ਵ੍ਹਾਈਟ ਹਾਊਸ ਨੇ ਇਸ ਖਬਰ 'ਤੇ ਨਾਰਾਜ਼ਗੀ ਜਤਾਈ ਅਤੇ ਨਿਊ ਯਾਰਕ ਟਾਈਮਜ਼ ਨੂੰ ਮੁਆਫੀ ਮੰਗਣ ਲਈ ਕਿਹਾ ਹੈ। ਵ੍ਹਾਈਟ ਹਾਊਸ ਦੀ ਬੁਲਾਰਾ ਸਾਰਾ ਸੈਂਡਰਸ ਨੇ ਕਿਹਾ ਕਿ ਫਰੈੱਡ ਟਰੰਪ ਨੂੰ ਮਰਿਆਂ ਤਕਰੀਬਨ ਵੀਹ ਸਾਲ ਹੋ ਗਏ ਤੇ ਵਿਹਲੇ ਨਿਊ ਯਾਰਕ ਟਾਈਮਜ਼ ਵੱਲੋਂ ਟਰੰਪ ਪਰਵਾਰ ਉੱਤੇ ਇਹ ਭਰਮਾਉਣ ਵਾਲਾ ਹਮਲਾ ਦੁਖਦਾਈ ਹੈ। ਉਨ੍ਹਾਂ ਦੱਸਿਆ ਕਿ ਕਈ ਦਹਾਕੇ ਪਹਿਲਾਂ ਇੰਟਰਨੈਟ ਮਾਲੀਆ ਸੇਵਾ ਨੇ ਇਸ ਲੈਣ-ਦੇਣ ਦੀ ਸਮੀਖਿਆ ਕੀਤੀ ਸੀ ਤੇ ਇਸ 'ਤੇ ਦਸਤਖਤ ਵੀ ਕੀਤੇ ਸਨ, ਇਸ ਲਈ ਕੋਈ ਦੋਸ਼ ਨਹੀਂ ਬਣਦਾ।

# ਮੁਜ਼ੱਫਰਪੁਰ ਸ਼ੈਲਟਰ ਹੋਮ ਕੇਸ ਵਿਚ ਮਹਿਲਾ ਤੇ ਬਾਲ ਭਲਾਈ ਮੰਤਰਾਲੇ ਦਾ ਸੈਕਟਰੀ ਸੁਪਰੀਮ ਕੋਰਟ ਨੇ ਤਲਬ ਕੀਤਾ

ਮੁਜਫੱਰਪੁਰ, 4 ਅਕਤੂਬਰ (ਪੋਸਟ ਬਿਊਰੋ)- ਬਿਹਾਰ ਦੇ ਮੁਜਫੱਰਪੁਰ ਸ਼ੈਲਟਰ ਹੋਮ ਕੇਸ 'ਚ ਸੀ ਬੀ ਆਈ ਨੇ ਜਾਂਚ ਤੇਜ਼ ਕਰ ਦਿੱਤੀ ਹੈ। ਕੱਲ੍ਹ ਸੀ ਬੀ ਆਈ ਨੇ ਮੁਜਫੱਰਪੁਰ ਦੇ ਸਿਕੰਦਰਪੁਰ ਮੁਕਤੀਧਾਮ ਦੇ ਸ਼ਮਸ਼ਾਨ ਘਾਟ ਦੀ ਖੁਦਾਈ ਕਰਵਾਈ ਤਾਂ ਉਥੋਂ ਪਿੰਜਰ ਮਿਲੇ ਸਨ। ਸੀ ਬੀ ਆਈ ਨੇ ਇਹ ਜਾਣਕਾਰੀ ਸੁਪਰੀਮ ਕੋਰਟ ਨੂੰ ਦਿੱਤੀ।

ਸੁਪਰੀਮ ਕੋਰਟ ਨੂੰ ਸੀ ਬੀ ਆਈ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਜਫੱਰਪੁਰ 'ਚ ਸਿਕੰਦਰਪੁਰ ਸ਼ਮਸ਼ਾਨ 'ਚ ਖੁਦਾਈ ਦੌਰਾਨ 15 ਸਾਲ ਦੀ ਬੱਚੀ ਦਾ ਪਿੰਜਰ ਮਿਲਿਆ ਹੈ, ਜਿਸ ਨੂੰ



ਫੌਰੈਂਸਿਕ ਲੈਬ ਵਿੱਚ ਭੇਜਿਆ ਹੈ। ਸੁਪਰੀਮ ਕੋਰਟ ਨੇ ਇਸ ਉੱਤੇ ਮਹਿਲਾ ਅਤੇ ਬਾਲ ਭਲਾਈ ਮੰਤਰਾਲੇ ਦੇ ਜੁਆਇੰਟ ਸੈਕਟਰੀ ਨੂੰ ਸੰਮਨ ਜਾਰੀ ਕੀਤਾ ਅਤੇ 8 ਅਕਤੂਬਰ ਨੂੰ ਉਨ੍ਹਾਂ ਨੂੰ ਕੋਰਟ 'ਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਦੇ ਜਸਟਿਸ ਲੋਕੁਰ ਸੁਣਵਾਈ ਦੌਰਾਨ ਕਿਹਾ ਕਿ ਬਿਹਾਰ ਦੇ ਸ਼ੈਲਟਰ ਹੋਮ ਵਿੱਚ ਲੜਕੀਆਂ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਹਨ। ਉਨ੍ਹਾਂ ਨੇ ਕਿਹਾ ਕਿ ਜੁਆਇੰਟ ਸੈਕਟਰੀ ਖੁਦ ਪੇਸ਼ ਹੋ ਕੇ ਦੱਸਣ ਕਿ ਦੇਸ਼ ਦੇ ਵੱਖ-ਵੱਖ ਸ਼ੈਲਟਰ ਹੋਮ 'ਚ ਇਸ ਤਰ੍ਹਾਂ ਦੇ ਕੇਸਾਂ 'ਚ ਲੜਕੀਆਂ ਨੂੰ ਬਚਾਉਣ ਲਈ ਕਿਹੜੇ ਕਦਮ ਚੁੱਕੇ ਜਾ ਸਕਦੇ ਹਨ। ਕੋਰਟ ਨੇ ਇਹ ਵੀ ਜਾਣਕਾਰੀ ਮੰਗੀ ਹੈ ਕਿ ਬੱਚਿਆਂ ਦੀਆਂ ਸੁਰੱਖਿਆ ਤੇ ਪੁਨਰਵਾਸ ਲਈ ਕੇਂਦਰ ਸਰਕਾਰ ਨੇ ਕੀ ਕਦਮ ਚੁੱਕੇ ਹਨ ਅਤੇ ਨਾਲ ਹੀ ਇਸ ਲਈ ਕੀ ਗਾਈਡ ਲਾਈਨ ਤਿਆਰ ਕੀਤੀ ਗਈ ਹੈ।

# ਯੂ ਪੀ, ਬਿਹਾਰ ਤੋਂ ਲਿਆਂਦੇ ਚੌਲਾਂ ਦਾ 36 ਹਜ਼ਾਰ ਬੋਰੀਆਂ ਸਟਾਕ ਚਾਰ ਮਿੱਲਾਂ ਤੋਂ ਫੜਿਆ ਗਿਆ

ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਜਲੰਧਰ ਤੇ ਕਪੂਰਥਲਾ ਦੀਆਂ ਚਾਰ ਮਿੱਲਾਂ ਵਿੱਚੋਂ ਗੈਰ ਕਾਨੂੰਨੀ ਰੂਪ ਵਿੱਚ ਚੌਲਾਂ ਦੇ ਸਟਾਕ ਦੀਆਂ 36000 ਬੋਰੀਆਂ ਖੁਰਾਕ ਸਪਲਾਈ ਵਿਭਾਗ ਦੀ ਇੰਟਰਨਲ ਵਿਜੀਲੈਂਸ ਨੇ ਬਰਾਮਦ ਕੀਤੀਆਂ ਹਨ। ਇਨ੍ਹਾਂ ਦਾ ਕੋਈ ਰਿਕਾਰਡ ਨਹੀਂ ਸੀ। ਇਨ੍ਹਾਂ ਵਿੱਚ ਬਿਹਾਰ ਅਤੇ ਉਤਰ ਪ੍ਰਦੇਸ਼ (ਯੂ ਪੀ) ਵਿੱਚ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਵਿੱਚ ਵੰਡੇ ਜਾਣ ਵਾਲੇ ਚੌਲਾਂ ਦੀਆਂ ਬੋਰੀਆਂ ਵੀ ਹਨ।



ਖੁਰਾਕ ਸਪਲਾਈ ਵਿਭਾਗ ਦੇ ਅਧਿਕਾਰੀ ਫੜੀਆਂ ਗਈਆਂ ਚੌਲਾਂ ਦੀਆਂ ਬੋਰੀਆਂ ਨਾਲ।

ਪਤਾ ਲੱਗਾ ਹੈ ਕਿ ਇੰਟਰਨਲ ਵਿਜੀਲੈਂਸ ਨੇ ਰਿਕਾਰਡ ਤੋਂ ਬਿਨਾਂ 16,500 ਚੌਲਾਂ ਦੀਆਂ ਬੋਰੀਆਂ ਸ਼ਿਵਾ ਰਾਈਸ ਮਿਲ ਫਗਵਾੜਾ ਤੋਂ, 3600 ਬੋਰੀਆਂ ਜੈ ਸ਼ੰਕਰ ਰਾਈਸ ਮਿਲ ਜਲੰਧਰ ਤੋਂ, 14100 ਬੋਰੀਆਂ ਸ਼ਿਵ ਸ਼ੰਕਰ ਰਾਈਸ ਮਿਲ ਸਰਹਾਲੀ, ਜਲੰਧਰ ਤੋਂ ਅਤੇ 1600 ਬੋਰੀਆਂ ਸੁਤੰਤਰ ਰਾਈਸ ਮਿੱਲ ਢਿੱਲਵਾਂ, ਕਪੂਰਥਲਾ ਤੋਂ ਬਰਾਮਦ ਕੀਤੀਆਂ ਹਨ। ਇੱਕ ਬੋਰੀ ਵਿੱਚ 50 ਕਿਲੋ ਚੌਲ ਹੁੰਦੇ ਹਨ। ਖੁਰਾਕ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਦੱਸਿਆ ਕਿ ਵਿਭਾਗ ਦੀ ਇੰਟਰਨਲ ਵਿਜੀਲੈਂਸ ਵੱਲੋਂ ਕੱਲ੍ਹ ਛਾਪੇਮਾਰੀ ਦੌਰਾਨ ਇਹ ਸਬੂਤ ਸਾਹਮਣੇ ਆਏ ਕਿ ਉਕਤ ਚਾਰ ਮਿੱਲਾਂ ਤੋਂ ਬਰਾਮਦ ਚੌਲਾਂ ਦੀਆਂ ਬੋਰੀਆਂ ਦੇ ਤਾਰ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਨਾਲ ਜੁੜੇ ਹਨ। ਯੂ ਪੀ ਅਤੇ ਬਿਹਾਰ ਦੇ ਖੁਰਾਕ ਸਿਵਲ ਸਪਲਾਈ ਵਿਭਾਗ ਦੀਆਂ ਕੁਝ ਬੋਰੀਆਂ ਵੀ ਮਿਲੀਆਂ ਹਨ, ਜੋ ਪੰਜਾਬ ਦੇ ਮਾਰਕਾ ਨੰਬਰ 2017-18 ਅਧੀਨ ਐੱਫ ਸੀ ਆਈ ਨੂੰ ਸੈਂਟਰਲ ਪੂਲ ਲਈ ਵੰਡੀਆਂ ਗਈਆਂ ਸਨ। ਇਹ ਚੌਲ ਯੂ ਪੀ, ਬਿਹਾਰ ਭੇਜੇ ਜਾਣ ਦੇ ਬਾਅਦ ਗੈਰ ਕਾਨੂੰਨੀ ਢੰਗ ਨਾਲ ਘੁੰਮ ਕੇ ਪੰਜਾਬ ਆ ਗਿਆ ਅਤੇ ਇਸ ਸਰਕਾਰੀ ਚੌਲ ਦੀ ਖੁੱਲ੍ਹੇ ਬਾਜ਼ਾਰ ਵਿੱਚ ਵਿਕਰੀ ਹੋਣੀ ਸੀ। ਮੰਤਰੀ ਆਸ਼ੂ ਨੇ ਕਿਹਾ ਕਿ ਸਖਤੀ ਪਿੱਛੋਂ ਇਹ ਧੰਦਾ ਕਰਨ ਵਾਲਿਆਂ ਨੇ ਆਪਣੇ ਤਰੀਕੇ ਬਦਲ ਦਿੱਤੇ ਹਨ। ਇਹ ਗੋਦਾਮਾਂ ਵਿੱਚ ਸਟਾਕ ਰੱਖਣ ਦੇ ਥਾਂ ਪਿੰਡਾਂ ਵਿੱਚ ਪਸ਼ੂਆਂ ਦੀ ਕੱਚੀ ਸ਼ੈਡ ਵਿੱਚ ਰੱਖਣ ਲੱਗੇ ਹਨ। ਅਜਿਹਾ ਇੱਕ ਮਾਮਲਾ ਫਗਵਾੜਾ ਦੇ ਪਿੰਡ ਰਾਣੀਪੁਰ ਵਿੱਚ ਸਾਹਮਣੇ ਆਇਆ, ਜਿੱਥੇ ਚੌਲਾਂ ਦੀਆਂ 750 ਬੋਰੀਆਂ ਪਸ਼ੂਆਂ ਦੀ ਸ਼ੈਡ ਵਿੱਚੋਂ ਬਰਾਮਦ ਹੋਈਆਂ ਹਨ। ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਫਿਰੋਜ਼ਪੁਰ, ਜ਼ੀਰਾ, ਜਲਾਲਾਬਾਦ ਅਤੇ ਮੋਗਾ ਦੀਆਂ ਮਿੱਲਾਂ ਵਿੱਚ ਛਾਪੇ ਦੌਰਾਨ ਚੌਲਾਂ ਦੀਆਂ ਕਰੀਬ 1.10 ਲੱਖ ਬੋਰੀਆਂ ਰਿਕਾਰਡ ਰਹਿਤ ਬਰਾਮਦ ਹੋਈਆਂ ਸਨ।

# ਗਾਰਡੀਅਨ ਆਫ ਗਵਰਨੈਂਸ ਦੇ ਦਖਲ ਤੋਂ ਪੰਜਾਬ ਦੇ ਕਈ ਮੰਤਰੀ ਪਰੇਸ਼ਾਨ

ਚੰਡੀਗੜ੍ਹ, 4 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਲਾਏ ਗਏ ਗਾਰਡੀਅਨ ਆਫ ਗਵਰਨੈਂਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਮੰਤਰੀ ਭੜਕੇ ਹੋਏ ਹਨ। ਕੱਲ੍ਹ ਹੋਈ ਕੈਬਨਿਟ ਮੀਟਿੰਗ ਦੌਰਾਨ ਮੰਤਰੀਆਂ ਨੇ ਗਾਰਡੀਅਨ ਆਫ ਗਵਰਨੈਂਸ ਦੇ ਖਿਲਾਫ ਜੰਮ ਕੇ ਭੜਾਸ ਕੱਢੀ ਅਤੇ ਪੁੱਛਿਆ ਕਿ ਇਨ੍ਹਾਂ ਦੀ ਲੋੜ ਕੀ ਹੈ।

ਵਰਨਣ ਯੋਗ ਹੈ ਕਿ ਕੱਲ੍ਹ ਕੈਬਨਿਟ ਮੀਟਿੰਗ 'ਚ ਹਾਲਾਂਕਿ ਇਸ ਦਾ ਕੋਈ ਏਜੰਡਾ ਨਹੀਂ ਸੀ, ਪਰ ਕਈ ਮੰਤਰੀਆਂ ਨੇ ਗਾਰਡੀਅਨ ਆਫ ਗਵਰਨੈਂਸ ਦਾ ਮੁੱਦਾ ਚੁੱਕਿਆ ਤਾਂ ਇਕ-ਇਕ ਕਰਕੇ ਸਾਰੇ ਉਨ੍ਹਾਂ ਦਾ ਸਾਥ ਦੇਣ ਲੱਗੇ। ਮੰਤਰੀਆਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਗਾਰਡੀਅਨ ਆਫ ਗਵਰਨੈਂਸ ਅਫਸਰਾਂ ਨੂੰ ਜਾ ਕੇ ਧਮਕਾਉਂਦੇ ਅਤੇ ਉਨ੍ਹਾਂ ਦੇ ਕੰਮ ਵਿੱਚ ਦਖਲ ਦੇਂਦੇ ਹਨ। ਮੰਤਰੀਆਂ ਨੂੰ ਭੜਕੇ ਦੇਖ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਸਲਾਹਕਾਰ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਸ਼ੇਰਗਿੱਲ ਨੂੰ ਬੁਲਾ ਲੈਂਦੇ ਹਨ, ਜੋ ਗਾਰਡੀਅਨ ਆਫ ਗਵਰਨੈਂਸ ਦਾ ਕੰਮ ਦੇਖ ਰਹੇ ਹਨ, ਪਰ ਇਹ ਗੱਲ ਸਿਰੇ ਨਾ ਚੜ੍ਹ ਸਕੀ। ਕਈ ਮੰਤਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੈਬਨਿਟ 'ਚ ਬੁਲਾਉਣਾ ਠੀਕ ਨਹੀਂ ਹੈ, ਤੁਸੀਂ ਖੁਦ ਉਨ੍ਹਾਂ ਨਾਲ ਗੱਲ ਕਰੋ। ਇਸ ਉਤੇ ਤੈਅ ਹੋਇਆ ਕਿ ਮੰਤਰੀਆਂ ਦੀ ਇਕ ਸਬ ਕਮੇਟੀ ਜਨਰਲ ਸ਼ੇਰਗਿੱਲ ਨਾਲ ਗਾਰਡੀਅਨ ਆਫ ਗਵਰਨੈਂਸ ਬਾਰੇ ਆ ਰਹੀਆਂ ਪਰੇਸ਼ਾਨੀਆਂ 'ਤੇ ਗੱਲ ਕਰੇਗੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਸਰਕਾਰੀ ਯੋਜਨਾਵਾਂ, ਕੰਮਾਂ ਆਦਿ ਦੀ ਦਿਹਾਤੀ ਪੱਧਰ 'ਤੇ ਨਜ਼ਰਸਾਨੀ ਕਰਨ ਲਈ ਹਰ ਪਿੰਡ ਵਿੱਚ ਸਾਬਕਾ ਫੌਜੀਆਂ ਨੂੰ ਗਾਰਡੀਅਨ ਆਫ ਗਵਰਨੈਂਸ ਦੇ ਰੂਪ ਵਿੱਚ ਲਾਇਆ ਹੈ। ਇਸ ਦੇ ਲਈ ਉਨ੍ਹਾਂ ਨੂੰ ਮੋਬਾਈਲ ਫੋਨ ਦਿੱਤੇ ਗਏ, ਜਿਨ੍ਹਾਂ ਵਿੱਚ ਖਾਸ ਕਿਸਮ ਦਾ ਸਾਫਟਵੇਅਰ ਫਿੱਟ ਹੈ। ਇਨ੍ਹਾਂ ਦਾ ਕੰਮ ਸਿਰਫ ਸਰਕਾਰੀ ਯੋਜਨਾਵਾਂ ਦੀਆਂ ਕਮੀਆਂ ਅਤੇ ਚੰਗਿਆਈਆਂ ਬਾਰੇ ਆਪਣੇ ਸਾਫਟਵੇਅਰ 'ਤੇ

# ਅਮਰੀਕਾ ਵਿੱਚ ਪੁਲਸ ਉੱਤੇ ਫਾਇਰਿੰਗ, ਇਕ ਜਣੇ ਦੀ ਮੌਤ

ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਦੱਖਣੀ ਕੈਰੋਲੀਨਾ ਸੂਬੇ ਵਿਚ ਇਕ ਵਿਅਕਤੀ ਨੇ 7 ਪੁਲਸ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਫਾਇਰਿੰਗ ਕੀਤੀ, ਜਿਸ ਵਿਚ ਇਕ ਜਣੇ ਦੀ ਮੌਤ ਹੋ ਗਈ। ਹਮਲਾ ਇੰਨਾ ਖਤਰਨਾਕ ਸੀ ਕਿ ਪੁਲਸ ਵਾਲਿਆਂ ਨੂੰ ਜ਼ਖਮੀਂ ਨੂੰ ਲਿਜਾਣ ਲਈ ਬੁਲੇਟ ਪਰੂਫ ਗੱਡੀ ਦੀ ਵਰਤੋਂ ਕਰਨੀ ਪਈ। ਜ਼ਖਮੀਆਂ ਵਿਚ ਦੋ ਸਿਟੀ ਪੁਲਸ ਅਫਸਰ ਹਨ, ਜਦ ਕਿ 3 ਜਣੇ ਫਲੋਰੈਂਸ ਕਾਊਂਟੀ ਸ਼ੈਰਿਫ ਦੇ ਪ੍ਰਤੀਨਿਧ ਹਨ। ਫਲੋਰੈਂਸ ਕਾਊਂਟੀ ਦੇ ਸ਼ੈਰਿਫ ਮੇਜਰ ਮਾਈਕ ਨੂਨ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਵਿਅਕਤੀ ਨੇ ਦੁਪਹਿਰ ਨੂੰ ਆਪਣੇ ਫਲੋਰੈਂਸ ਵਾਲੇ ਘਰ ਵਿਚ 2 ਘੰਟੇ ਤੱਕ ਬੱਚਿਆਂ ਨੂੰ ਬੰਦੀ ਬਣਾ ਕੇ ਰੱਖਿਆ ਸੀ। ਸ਼ੱਕੀ ਨੂੰ ਗ੍ਰਿਫਤਾਰ ਕਰਨ ਦੇ ਬਾਅਦ ਬੱਚਿਆਂ ਦੀ ਸੁਰੱਖਿਅਤ ਰਿਹਾਈ ਹੋ ਸਕੀ। ਫਲੋਰੈਂਸ ਸ਼ਹਿਰ ਦੇ ਬੁਲਾਰੇ ਜੌਨ ਵੁਕੇਲਾ ਨੇ ਪੁਲਸ ਅਫਸਰ ਟੇਰੇਂਸ ਕੈਰਵੇ (52) ਦੀ ਮੌਤ ਦੀ ਪੁਸ਼ਟੀ ਕੀਤੀ ਸੀ। ਹੋਰ ਅਧਿਕਾਰੀਆਂ ਦੀ ਹਾਲਤ ਦੇ ਬਾਰੇ ਹਾਲੇ ਕੋਈ ਵੇਰਵਾ ਨਹੀਂ ਹੈ।

# ਸੁਪਰੀਮ ਕੋਰਟ ਦੇ ਨਵੇਂ ਚੀਫ ਜੱਜ ਕੋਲ ਨਾ ਗੱਡੀ ਤੇ ਨਾ ਹੀ ਘਰ

ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਆਮ ਜਾਣੀ ਜਾਂਦੀ ਸੱਚਾਈ ਹੈ ਕਿ ਸੁਪਰੀਮ ਕੋਰਟ ਦੇ ਸਫਲ ਸੀਨੀਅਰ ਵਕੀਲ ਇੱਕ ਦਿਨ ਵਿੱਚ ਪੰਜਾਹ ਲੱਖ ਰੁਪਏ ਤੋਂ ਵੱਧ ਕਮਾ ਲੈਂਦੇ ਹਨ। ਉਨ੍ਹਾਂ ਦਾ ਮੁਕਾਬਲਾ ਮੈਂ ਸੁਪਰੀਮ ਕੋਰਟ ਦੇ ਜੱਜ ਨਾਲ ਕਰੀਏ, ਜਿਸ ਨੂੰ ਮੋਟੇ ਤੌਰ 'ਤੇ ਇੱਕ ਲੱਖ ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਇਹ ਵੀ ਸਹੀ ਹੈ ਕਿ ਭੱਤਿਆਂ ਅਤੇ ਘਰ ਦੀ ਸੁਵਿਧਾ ਦੇ ਨਾਲ ਉਨ੍ਹਾਂ ਨੂੰ ਕਈ ਸਹੂਲਤਾਂ ਮਿਲਦੀਆਂ ਹਨ।

ਸ਼ਾਇਦ ਇਸ ਸੰਬੰਧ ਵਿੱਚ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਜੱਜ ਦੀਪਕ ਮਿਸ਼ਰਾ ਦੀ ਵਿਦਾਈ ਸਮਾਰੋਹ ਵਿੱਚ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖਾਹ ਵਿੱਚ ਤਿੰਨ ਗੁਣਾ ਵਾਧਾ ਹੋਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਦੇਸ਼ ਦੇ ਨਵੇਂ ਚੀਫ ਜੱਜ ਰੰਜਨ ਗੋਗੋਈ ਦੀ ਜਾਇਦਾਦ ਉੱਤੇ ਜੇ ਨਜ਼ਰ ਮਾਰੀ ਜਾਏ ਤਾਂ ਉਨ੍ਹਾਂ ਕੋਲ ਸੋਨੇ ਦਾ ਕੋਈ ਗਹਿਣਾ ਨਹੀਂ ਹੈ, ਉਨ੍ਹਾਂ ਦੀ ਪਤਨੀ ਕੋਲ ਜਿਹੜੇ ਸੋਨੇ ਦੇ ਗਹਿਣੇ ਹਨ, ਉਹ ਵਿਆਹ ਦੇ ਸਮੇਂ ਪਰਵਾਰ-ਰਿਸ਼ਤੇਦਾਰਾਂ, ਮਿੱਤਰਾਂ ਤੋਂ ਮਿਲੇ ਸਨ। ਉਨ੍ਹਾਂ ਕੋਲ ਨਿੱਜੀ ਗੱਡੀ ਵੀ ਨਹੀਂ,



ਹਾਲਾਂਕਿ ਇਸ ਦਾ ਵੱਡਾ ਕਾਰਨ ਇਹ ਹੋ ਸਕਦਾ ਹੈ ਕਿ ਕਰੀਬ ਦੋ ਦਹਾਕੇ ਪਹਿਲਾਂ ਜਦੋਂ ਉਹ ਜੱਜ ਬਣੇ ਸੀ, ਉਸ ਸਮੇਂ ਤੋਂ ਉਨ੍ਹਾਂ ਨੂੰ ਸਰਕਾਰੀ ਗੱਡੀ ਮਿਲੀ ਹੋਈ ਸੀ। ਸਟਾਕ ਮਾਰਕੀਟ ਵਿੱਚ ਉਨ੍ਹਾਂ ਦਾ ਕੋਈ ਪੈਸਾ ਜਾਂ ਸ਼ੇਅਰ ਨਹੀਂ ਹੈ। ਇਸ ਦੇ ਨਾਲ ਜੱਜ ਗੋਗੋਈ ਉੱਤੇ ਕੋਈ ਦੇਣਦਾਰੀ, ਕਰਜ਼ਾ ਜਾਂ ਓਵਰਡਰਾਫਟ ਨਹੀਂ ਹੈ। ਸਾਲ 2012 ਵਿੱਚ ਜੱਜ ਰੰਜਨ ਗੋਗੋਈ ਨੇ ਆਪਣੀ ਜਾਇਦਾਦ ਜਨਤਕ ਕੀਤੀ ਸੀ। ਜਸਟਿਸ ਗੋਗੋਈ ਅਤੇ ਉਨ੍ਹਾਂ ਦੀ ਪਤਨੀ ਦੀ ਐਲ ਆਈ ਸੀ ਪਾਲਿਸੀ ਨੂੰ ਮਿਲਾ ਕੇ ਉਨ੍ਹਾਂ ਕੋਲ ਤਕਰੀਬਨ ਤੀਹ ਲੱਖ ਲੱਖ ਰੁਪਏ ਦਾ ਬੈਂਕ ਬਕਾਇਆ ਹੈ। ਸਾਲ 1999 ਵਿੱਚ ਗੋਹਾਟੀ ਹਾਈ ਕੋਰਟ ਦੇ ਜੱਜ ਬਣਨ 'ਤੇ ਪਹਿਲਾਂ ਉਨ੍ਹਾਂ ਨੇ ਉਥੇ ਇੱਕ ਪਲਾਟ ਖਰੀਦਿਆ ਸੀ। ਉਸ ਨੂੰ ਇਸ ਸਾਲ ਜੂਨ ਵਿੱਚ 65 ਲੱਖ ਰੁਪਏ ਵਿੱਚ ਕਿਸੇ ਨੂੰ ਵੇਚ ਦਿੱਤਾ ਸੀ।




## ਲੜਕੀ ਦੀ ਲੋੜ

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ।
ਸੰਪਰਕ ਕਰੋ - 647-981-0014 , 416-918-7517

Jhajj ਜੱਟ ਸਿੱਖ,ਉਮਰ 33 ਸਾਲ, ਕੱਦ 6 ਫੁੱਟ, Post Graduate ਲੜਕੇ ਲਈ PR ਲੜਕੀ ਦੀ ਲੋੜ। visitor visa ਹੋਲਡਰ 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ visitor visa 'ਤੇ ਹੈ।
ਸੰਪਰਕ ਕਰੋ - 647-408-3814

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਗਹੋਟਰਾ, ਕੈਨੇਡੀਅਨ ਸਿਟੀਜ਼ਨ, ਚੰਡੀਗੜ੍ਹ ਬੋਰਨ, ਉਮਰ 33 ਸਾਲ, ਕੱਦ 5'11" ਲਈ ਕੈਨੇਡੀਅਨ ਜਾਂ ਅਮੇਰਿਕਨ ਲੜਕੀ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-212-4856, 587-930-1345

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਹੇਠ ਲਿਖੇ ਨੂੰ ਤੇ
ਸੰਪਰਕ ਕਰੋ- 647-237-5343, 647-688-4149

## ਲੜਕੀ ਦੀ ਲੋੜ

ਜੱਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੌਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੋਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਹੋਰ ਜਾਣਕਾਰੀ 516-620-0565 ਤੇ ਫੋਨ ਕਰੋ।

ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

### IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.



Please send resume at:
mandeep.karwal@gmail.com
or Drop a Call: **647-649-8100**

### Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Punjabi/Hindi and English Preffered
- Wage will be $15.00 / hour.
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

### ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ

Chronic diseases of Men, Women and Children

Home Visit G Singh;
Ph: 416.931.0028

Dr. Edward Bach Flower Remedies

### INNOVATION TRANSPORTATION NEEDED A/Z CITY DRIVER

ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ

○ 7 Days Work ○ All Shifts Available

* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay

NOW HIRING $22 /Hour

Call : 416- 268-9952
70 Delta Park Blvd, Unit # 4, Brampton

### A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

IFS ਨੂੰ USA, Montreal, Montreal Local ਅਤੇ Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ ਫਾਸਟ ਕਾਰਡ (Fast Card) ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

E-Mail Resume to careers@interstatefreightsystem.com

ਜਾਂ ਕਾਲ ਕਰੋ 416-452-0677, 647-448-3500
( Monday to Friday from 10am to 5pm)

### STARLANE PAINTING

Residential ▪ Commercial ▪ Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

ਹਰਜੀਤ ਧਨੋਆ

# ‘ਲਾਭ ਦਾ ਅਹੁਦਾ’ ਮੁੱਦੇ ਉੱਤੇ ਹਾਈ ਕੋਰਟ ਵੱਲੋਂ ਚੋਣ ਕਮਿਸ਼ਨ ਨੂੰ 1 ਨਵੰਬਰ ਲਈ ਨੋਟਿਸ




ਨਵੀਂ ਦਿੱਲੀ, 4 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ‘ਲਾਭ ਦਾ ਅਹੁਦਾ' ਮਾਮਲੇ ਦਾ ਸਾਹ-ਮਣਾ ਕਰ ਰਹੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ ਤਾਂ ਇਸ ਮਾਮਲੇ 'ਚ ਉਸ ਦਾ ਪੱਖ ਪੁੱਛਿਆ ਹੈ। ਜਸਟਿਸ ਸਿਧਾਰਥ ਮ੍ਰਿਦੁਲ ਨੇ ਲਾਭ ਦਾ ਅਹੁਦਾ ਮਾਮਲੇ ਦੇ ਸ਼ਿਕਾਇਤ ਕਰਤਾ ਪ੍ਰਸ਼ਾਂਤ ਪਟੇਲ ਕੋਲੋਂ ਵੀ ਜਵਾਬ ਮੰਗਿਆ ਹੈ, ਜਿਸ ਦੀ ਪਟੀਸ਼ਨ ਉੱਤੇ ਚੋਣ ਕਮਿਸ਼ਨ ਨੇ ‘ਆਪ' ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਸਿਫਾਰਸ਼ ਕੀਤੀ ਸੀ। ਅਦਾਲਤ 'ਚ ਇਸ ਮਾਮਲੇ ਦੀ ਅਗਲੀ ਸੁਣਵਾਈ ਇਕ ਨਵੰਬਰ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ 19 ਜਨਵਰੀ 2018 ਨੂੰ ਚੋਣ ਕਮਿਸ਼ਨ ਨੇ ਲਾਭ ਦਾ ਅਹੁਦਾ ਮਾਮਲੇ ਵਿੱਚ ‘ਆਪ' ਪਾਰਟੀ ਦੇ 20 ਵਿਧਾਇਕਾਂ ਨੂੰ ਅਯੋਗ ਕਰਾਰ ਦੇ ਕੇ ਰਾਸ਼ਟਰਪਤੀ ਨੂੰ ਇਨ੍ਹਾਂ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ ਅਤੇ ਰਾਸ਼ਟਰਪਤੀ ਤੋਂ ਇਸ ਦੀ ਮਨਜ਼ੂਰੀ ਮਿਲਣ ਉਪਰੰਤ ਕੇਂਦਰ ਸਰਕਾਰ ਨੇ ਵਿਧਾਨ ਸਭਾ ਮੈਂਬਰੀ ਖਤਮ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਕੇਂਦਰ ਦੇ ਨੋਟੀਫਿਕੇਸ਼ਨ ਨੂੰ ‘ਆਪ' ਪਾਰਟੀ ਵਿਧਾਇਕਾਂ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਤਾਂ 23 ਮਾਰਚ ਨੂੰ ਹਾਈ ਕੋਰਟ ਨੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਕਾਨੂੰਨ ਦੀ ਸਥਿਤੀ ਦੇ ਖਿਲਾਫ ਦੱਸਦੇ ਹੋਏ ਕੇਂਦਰ ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਅਤੇ ਨਾਲ ਚੋਣ ਕਮਿਸ਼ਨ ਨੂੰ ਨਵੇਂ ਸਿਰੇ ਤੋਂ ਇਸ ਮਾਮਲੇ ਦੀ ਸੁਣਵਾਈ ਕਰਨ ਦਾ ਆਦੇਸ਼ ਦਿੱਤਾ ਸੀ। ‘ਆਪ' ਪਾਰਟੀ ਵਿਧਾਇਕਾਂ ਨੇ ਚੋਣ ਕਮਿਸ਼ਨ ਤੋਂ ਸ਼ਿਕਾਇਤ ਕਰਤਾ ਪ੍ਰਸ਼ਾਂਤ ਪਟੇਲ ਨੂੰ ਬੁਲਾ ਕੇ ਜਿਰ੍ਹਾ ਕਰਨ ਦੀ ਮੰਗ ਕੀਤੀ ਸੀ, ਪਰ ਕਮਿਸ਼ਨ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਵਿਧਾਇਕਾਂ ਨੇ ਲਾਭ ਦਾ ਅਹੁਦਾ ਮਾਮਲੇ 'ਚ ਗਵਾਹਾਂ ਨੂੰ ਸੰਮਨ ਕਰਨ ਲਈ ਅਯੋਗ ਕਰਾਰ ਦਿੱਤੇ ਗਏ ਵਿਧਾਇਕਾਂ ਨੂੰ ਇਜਾਜ਼ਤ ਨਹੀਂ ਦੇਣ ਦੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

# ਗਿੱਕੀ ਮਰਡਰ ਕੇਸ ਵਿਚ ਸਾਬਕਾ ਅਕਾਲੀ ਵਿਧਾਇਕ ਮੱਕੜ ਦੇ ਭਤੀਜੇ ਨੂੰ ਜ਼ਮਾਨਤ ਨਹੀਂ ਮਿਲ ਸਕੀ, ਸੁਣਵਾਈ 26 ਨਵੰਬਰ ਨੂੰ



ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਇਸ ਮਹਾਂ ਨਗਰ ਦੇ ਬਹੁ ਚਰਚਿਤ ਗਿੱਕੀ ਮਰਡਰ ਵਿੱਚ ਸਜ਼ਾ ਦੇ ਖਿਲਾਫ ਸੁਣਵਾਈ ਕੱਲ੍ਹ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਏ ਬੀ ਚੌਧਰੀ ਅਤੇ ਜਸਟਿਸ ਕੁਲਦੀਪ ਸਿੰਘ ਦੀ ਡਬਲ ਬੈਂਚ ਨੇ ਕੀਤੀ। ਇਸ ਦੌਰਾਨ ਸੱਤ ਸਾਲ ਪੰਜ ਮਹੀਨੇ ਤੋਂ ਜੇਲ੍ਹ ਵਿੱਚ ਬੰਦ ਸਜ਼ਾ ਯਾਫਤਾ ਮੁੱਖ ਦੋਸ਼ੀ (ਸਾਬਕਾ ਅਕਾਲੀ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਭਤੀਜੇ) ਅਤੇ ਸਾਬਕਾ ਕੌਂਸਲਰ ਪ੍ਰਿੰਸ ਮੱਕੜ ਨੂੰ ਜ਼ਮਾਨਤ ਲਈ ਬਚਾਅ ਪੱਖ ਨੇ ਦਲੀਲਾਂ ਦਿੱਤੀਆਂ, ਪਰ ਹਾਈ ਕੋਰਟ ਨੇ ਅਗਲੀ ਸੁਣਵਾਈ 26 ਨਵੰਬਰ ਤੈਅ ਕੀਤੀ ਹੈ।

ਵਰਨਣ ਯੋਗ ਹੈ ਕਿ ਮ੍ਰਿਤਕ ਗੁਰਕੀਰਤ ਸਿੰਘ ਉਰਫ ਗਿੱਕੀ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਨੇ ਚੀਫ ਜਸਟਿਸ ਨੂੰ ਅਰਜ਼ੀ ਦੇ ਕੇ ਦੋਸ਼ ਲਾਇਆ ਸੀ ਕਿ ਜਸਟਿਸ ਕੁਲਦੀਪ ਸਿੰਘ ਇਸ ਕੇਸ ਦੇ ਨੰਬਰ-ਟੂ ਦੋਸ਼ੀ ਅਮਰਦੀਪ ਸਿੰਘ ਉਰਫ ਸੰਨੀ ਸਚਦੇਵਾ ਦੇ ਪਰਵਾਰਕ ਮਿੱਤਰ ਹਨ। ਤਿੰਨ ਅਗਸਤ 2015 ਨੂੰ ਗੁਰਦਾਸਪੁਰ ਦੀ ਸੈਸ਼ਨ ਕੋਰਟ ਨੇ ਪ੍ਰਿੰਸ ਮੱਕੜ, ਐਡਵੋਕੇਟ ਅਮਰਦੀਪ ਸਿੰਘ ਸਚਦੇਵਾ, ਹੋਟਲੀਅਰ ਜਸਦੀਪ ਸਿੰਘ ਜੱਸੂ ਅਤੇ ਬਿਜ਼ਨਸਮੈਨ ਅਮਰਪ੍ਰੀਤ ਸਿੰਘ ਨਰੂਲਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਪ੍ਰਿੰਸ ਮੱਕੜ ਨੂੰ ਆਰਮਜ਼ ਐਕਟ ਦੀ ਧਾਰਾ 27 ਹੇਠ ਪੰਜ ਸਾਲ ਅਤੇ 25 ਦੇ ਤਹਿਤ ਦੋ ਸਾਲ ਦੀ ਸਜ਼ਾ ਸੁਣਾਈ ਗਈ ਸੀ। ਐਡਵੋਕੇਟ ਸਚਦੇਵਾ ਨੂੰ ਵੀ ਆਰਮਜ਼ ਐਕਟ ਦੀ ਧਾਰਾ 25 ਹੇਠ ਦੋ ਸਾਲ ਦੀ ਸਜ਼ਾ ਹੋਈ ਸੀ। ਸਾਰੀਆਂ ਸਜ਼ਾਵਾਂ ਨਾਲੋ-ਨਾਲ ਚੱਲਣੀਆਂ ਸਨ।

21 ਅਪ੍ਰੈਲ 2011 ਨੂੰ ਦੇਰ ਰਾਤ ਨਾਮਦੇਵ ਚੌਕ ਨੇੜੇ ਸੇਖੋਂ ਗ੍ਰੈਂਡ ਹੋਟਲ ਦੇ ਮਾਲਕ ਗੁਰਕੀਰਤ ਸਿੰਘ ਉਰਫ ਗਿੱਕੀ ਦੀ ਮਾਡਲ ਟਾਊਨ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਗਿੱਕੀ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਨੇ ਅਕਾਲੀ ਕੌਂਸਲਰ ਰਾਮ ਸਿਮਰਨ ਸਿੰਘ ਉਰਫ ਪ੍ਰਿੰਸ ਮੱਕੜ ਉਤੇ ਕਤਲ ਦਾ ਦੋਸ਼ ਲਾਇਆ ਸੀ। ਐਡਵੋਕੇਟ ਅਮਰਦੀਪ ਸਿੰਘ ਉਰਫ ਸੰਨੀ ਸਚਦੇਵਾ, ਹੋਟਲ ਰੀਜੈਂਟ ਪਾਰਕ ਦੇ ਮਾਲਕ ਜਸਦੀਪ ਸਿੰਘ ਜੱਸੂ ਤੇ ਬਿਜ਼ਨਸਮੈਨ ਅਮਰਪ੍ਰੀਤ ਸਿੰਘ ਉਰਫ ਪ੍ਰਿੰਸ ਨਰੂਲਾ ਨੇ ਪ੍ਰਿੰਸ ਦਾ ਸਾਥ ਦਿੱਤਾ ਸੀ। ਪ੍ਰਿੰਸ ਮੱਕੜ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਟਰਾਇਲ ਕੋਰਟ ਬਦਲਣ ਦੀ ਮੰਗ ਕੀਤੀ ਸੀ। ਉਸ ਦਾ ਦੋਸ਼ ਸੀ ਕਿ ਇਸ ਕੇਸ ਦਾ ਮੀਡੀਆ ਟਰਾਇਲ ਹੋ ਰਿਹਾ ਹੈ। ਹਾਈ ਕੋਰਟ ਨੇ ਟਰਾਇਲ ਜਲੰਧਰ ਤੋਂ ਗੁਰਦਾਸਪੁਰ ਸੈਸ਼ਨ ਕੋਰਟ ਬਦਲ ਦਿੱਤਾ ਸੀ। ਗਿੱਕੀ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਨੇ ਇਹ ਵੀ ਦੋਸ਼ ਲਾਇਆ ਸੀ ਕਿ ਹਾਈ ਕੋਰਟ ਦਾ ਜੱਜ ਬਣਨ ਤੋਂ ਪਹਿਲਾਂ ਜਸਟਿਸ ਕੁਲਦੀਪ ਸਿੰਘ ਜਲੰਧਰ ਵਿੱਚ ਲੇਬਰ ਕੋਰਟ ਵਿੱਚ ਚਾਰ ਸਾਲ ਜੱਜ ਰਹਿ ਕੇ ਗਏ ਸਨ।

## ਜੰਮੂ-ਕਸ਼ਮੀਰ ਸਥਾਨਕ ਚੋਣਾਂ

# ਅੱਤਵਾਦੀਆਂ ਦੇ ਡਰ ਕਾਰਨ ਘਾਟੀ ਵਿੱਚ 117 ਵਾਰਡਾਂ ਵਿੱਚ ਕੋਈ ਉਮੀਦਵਾਰ ਹੀ ਨਹੀਂ ਬਣਿਆ



ਜੰਮੂ/ ਸ੍ਰੀਨਗਰ, 4 ਅਕਤੂਬਰ (ਪੋਸਟ ਬਿਊਰੋ)- ਕਸ਼ਮੀਰ ਡਵੀਜ਼ਨ ਵਿੱਚ ਅੱਤਵਾਦੀਆਂ ਦੇ ਡਰ ਕਾਰਨ 624 ਨਗਰ ਪਾਲਿਕਾ ਵਾਰਡਾਂ ਵਿੱਚੋਂ 177 ਵਾਰਡਾਂ ਵਿੱਚ ਕਿਸੇ ਉਮੀਦਵਾਰ ਨੇ ਨਾਮਜ਼ਦਗੀ ਪੱਤਰ ਨਹੀਂ ਭਰਿਆ, 215 ਵਾਰਡਾਂ ਦੇ ਉਮੀਦਵਾਰ ਬਿਨਾਂ ਵਿਰੋਧ ਚੁਣੇ ਜਾਣਗੇ। ਚਾਰ ਪੜਾਵਾਂ ਵਿੱਚ ਹੋ ਰਹੀਆਂ ਮਿਊਂਸੀਪਲ ਚੋਣਾਂ ਦੇ ਲਈ ਨਾਮਜ਼ਦਗੀ ਪੱਤਰ ਭਰਨ ਦੀ ਤਰੀਕ ਕੱਲ੍ਹ ਸਮਾਪਤ ਹੋ ਗਈ। ਇਥੇ 8, 10, 13 ਅਤੇ 16 ਅਕਤੂਬਰ ਨੂੰ ਵੋਟਾਂ ਪੈਣਗੀਆਂ।

ਮਿਲੀ ਜਾਣਕਾਰੀ ਅਨੁਸਾਰ 177 ਮਿਊਂਸੀਪਲ ਵਾਰਡਾਂ ਵਿੱਚ ਇੱਕ ਵੀ ਉਮੀਦਵਾਰ ਨੇ ਕਾਗਜ਼ ਨਹੀਂ ਭਰੇ, ਇਸ ਕਾਰਨ ਇੱਕ ਲੱਖ ਤੋਂ ਵੱਧ ਵੋਟਰ ਆਪਣੇ ਵੋਟ ਦੀ ਵਰਤੋਂ ਨਹੀਂ ਕਰ ਸਕਣਗੇ। ਹੋਰਨਾਂ 215 ਨਗਰ ਪਾਲਿਕਾ ਵਾਰਡ ਦੇ ਇੱਕ ਲੱਖ ਵੋਟਰ ਵੀ ਆਪਣੇ ਵੋਟ ਦੀ ਵਰਤੋਂ ਨਹੀਂ ਕਰ ਸਕਣਗੇ ਕਿਉਂਕਿ ਇਥੋਂ ਕੇਵਲ ਇੱਕੋ ਉਮੀਦਵਾਰ ਨੇ ਕਾਗਜ਼ ਭਰੇ ਸਨ ਅਤੇ ਉਨ੍ਹਾਂ ਦੀ ਬਿਨਾਂ ਵਿਰੋਧ ਚੋਣ ਹੋ ਰਹੀ ਹੈ। ਅੱਤਵਾਦੀਆਂ ਵੱਲੋਂ ਪੰਚਾਇਤ ਅਤੇ ਨਗਰ ਪਾਲਿਕਾ ਚੋਣਾਂ ਦੇ ਬਾਈਕਾਟ ਦਾ ਦੱਖਣੀ ਕਸ਼ਮੀਰ ਦੇ ਕੁਲਗਾਮ, ਪੁਲਵਾਮਾ ਅਤੇ ਸ਼ੋਪੀਆਂ ਵਿੱਚ ਸਭ ਤੋਂ ਵੱਧ ਅਸਰ ਪਿਆ ਹੈ। ਇਨ੍ਹਾਂ ਹੀ ਇਲਾਕਿਆਂ ਦੇ 117 ਵਾਰਡਾਂ ਵਿੱਚ ਕਿਸੇ ਉਮੀਦਵਾਰ ਨੇ ਆਪਣਾ ਨਾਮਜ਼ਦਗੀ ਪੱਤਰ ਨਹੀਂ ਭਰਿਆ। ਇਥੇ ਬਾਕੀ ਵਾਰਡਾਂ ਵਿੱਚ ਕੇਵਲ ਇੱਕ-ਇੱਕ ਉਮੀਦਵਾਰ ਨੇ ਆਪਣਾ ਨਾਮਜ਼ਦਗੀ ਪੱਤਰ ਭਰਿਆ ਹੈ। ਗਵਰਨਰ ਦੇ ਰਾਜ ਲਈ ਇਨ੍ਹਾਂ ਚੋਣਾਂ ਨੂੰ ਸ਼ਾਂਤੀ ਪੂਰਨ ਢੰਗ ਨਾਲ ਕਰਾਉਣਾ ਇੱਕ ਵੱਡੀ ਚੁਣੌਤੀ ਹੈ। ਇਨ੍ਹਾਂ ਖੇਤਰਾਂ ਵਿੱਚ ਚੋਣਾਂ ਦੇ ਦੌਰਾਨ ਅਰਧ-ਸੈਨਿਕ ਬਲਾਂ ਦੀ ਵਾਧੂ 400 ਕੰਪਨੀਆਂ ਨੂੰ ਤੈਨਾਤ ਕੀਤਾ ਜਾਏਗਾ। ਸੂਬੇ ਦੇ ਦੋ ਪ੍ਰਮੁੱਖ ਦਲਾਂ, ਨੈਸ਼ਨਲ ਕਾਨਫਰੰਸ (ਐੱਨ ਸੀ) ਅਤੇ ਪੀਪੁਲਸ ਡੈਮੋਕ੍ਰੇਟਿਕ ਪਾਰਟੀ (ਪੀ ਡੀ ਪੀ) ਨੇ ਇਨ੍ਹਾਂ ਚੋਣਾਂ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ।

# ਸੜਕ ਹਾਦਸੇ ’ਚ ਪਤੀ-ਪਤਨੀ ਦੋਵਾਂ ਦੀ ਮੌਤ

ਪਟਿਆਲਾ, 4 ਅਕਤੂਬਰ (ਪੋਸਟ ਬਿਊਰੋ)- ਇਥੇ ਇਕ ਸੜਕ ਹਾਦਸੇ ਦੌਰਾਨ ਪਤੀ-ਪਤਨੀ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗਿਆਨ ਚੰਦ (65) ਤੇ ਉਸ ਦੀ ਪਤਨੀ ਸ਼ਿਮਲਾ ਦੇਵੀ (62) ਵਜੋਂ ਹੋਈ ਹੈ। ਇਹ ਹਾਦਸਾ ਰਾਜਪੁਰਾ ਰੋਡ 'ਤੇ ਸਥਿਤ ਕਸਬਾ ਬਹਾਦਰਗੜ੍ਹ ਨੇੜੇ ਵਾਪਰਿਆ।

ਮਿਲੀ ਜਾਣਕਾਰੀ ਅਨੁਸਾਰ ਉਹ ਕੁਝ ਦਿਨ ਪਹਿਲਾਂ ਜੰਮੀ ਆਪਣੀ ਪੋਤੀ ਦੇ ਨਾਮਕਰਨ ਸਬੰਧੀ ਘਰ 'ਚ ਕਰਵਾਏ ਜਾਣ ਵਾਲੇ ਸਮਾਗਮ ਲਈ ਖਰੀਦੋ ਫਰੋਖਤ ਕਰਨ ਗਏ ਸਨ। ਜਦੋਂ ਉਹ ਬਾਜ਼ਾਰ ਵਿੱਚੋਂ ਘਰ ਆ ਰਹੇ ਸਨ, ਤਾਂ ਉਨ੍ਹਾਂ ਦੇ ਮੋਟਰ ਸਾਈਕਲ ਨੂੰ ਇਕ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ। ਗਿਆਨ ਚੰਦ ਪਟਿਆਲਾ ਦੇ ਖੇਡ ਇੰਸਟੀਚਿਊਟ (ਐਨ ਆਈ ਐਸ) ਦਾ ਸੇਵਾਮੁਕਤ ਮੁਲਾਜ਼ਮ ਸੀ। ਉਹ ਰਾਜਪੁਰਾ ਰੋਡ 'ਤੇ ਮਥੁਰਾ ਕਲੋਨੀ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਇਕ ਬੇਟੇ ਦੇ ਘਰ ਲੜਕੀ ਹੋਈ, ਜਿਸ ਦੇ ਨਾਮਕਰਨ ਸਬੰਧੀ ਘਰ 'ਚ ਸਮਾਗਮ ਕਰਵਾਇਆ ਜਾਣਾ ਸੀ। ਇਸ ਲਈ ਇਹ ਬਜ਼ੁਰਗ ਜੋੜਾ ਬਜ਼ਾਰੋਂ ਖਰੀਦੋ ਫਰੋਖਤ ਕਰਕੇ ਘਰ ਪਰਤ ਰਿਹਾ ਸੀ। ਪੁਲਸ ਚੌਕੀ ਬਹਾਦਰਗੜ੍ਹ ਦੇ ਇੰਚਾਰਜ ਕੌਰ ਸਿੰਘ ਦਾ ਕਹਿਣਾ ਸੀ ਕਿ ਮ੍ਰਿਤਕ ਦੇ ਲੜਕੇ ਵਿਨੈ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਕਾਰ ਚਾਲਕ ਮਨੋਜ ਕੁਮਾਰ ਪੁੱਤਰ ਵਕੀਲ ਚੰਦ ਵਾਸੀ ਪਟਿਆਲਾ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

# ਮਹਿਲਾ ਨੂੰ ਗੱਡੀ ਦੀ ਛੱਤ ਉੱਤੇ ਬਿਠਾਉਣ ਵਾਲੀ ਪੁਲਸ ਟੀਮ ਉਤੇ ਕੇਸ ਦਰਜ

ਅੰਮ੍ਰਿਤਸਰ, 4 ਅਕਤੂਬਰ (ਪੋਸਟ ਬਿਊਰੋ)- ਸ਼ਹਿਜ਼ਾਦਾ ਪਿੰਡ ਵਿੱਚ ਛਾਪਾ ਮਾਰਨ ਗਈ ਕਰਾਈਮ ਬ੍ਰਾਂਚ ਦੀ ਟੀਮ ਵੱਲੋਂ ਮਹਿਲਾ ਨੂੰ ਗੱਡੀ ਦੀ ਛੱਤ 'ਤੇ ਬਿਠਾ ਕੇ ਪਿੰਡ ਵਿੱਚ ਘੁਮਾਉਣ ਦਾ ਮੁੱਦਾ ਜ਼ੋਰ ਫੜਨ ਪਿੱਛੋਂ ਪੁਲਸ ਨੇ ਕਰਾਈਮ ਬ੍ਰਾਂਚ ਦੀ ਟੀਮ ਉੱਤੇ ਕੇਸ ਦਰਜ ਕਰ ਲਿਆ ਹੈ। ਇਹ ਕੇਸ ਪਹਿਲਾਂ ਹੀ ਦਰਜ ਕੀਤੀ ਐੱਫ ਆਈ ਆਰ ਵਿੱਚ ਕਰਾਸ ਕੇਸ ਦਰਜ ਕੀਤਾ ਗਿਆ ਹੈ, ਜਿਸ ਦੀ ਅੱਗੋਂ ਬਾਕਾਇਦਾ ਜਾਂਚ ਕੀਤੀ ਜਾਵੇਗੀ।

ਥਾਣਾ ਕੱਥੂਨੰਗਲ ਵਿੱਚ 23 ਮਾਰਚ 2017 ਨੂੰ ਇੱਟਾਂ ਦੇ ਭੱਠੇ ਦੇ ਵਿਵਾਦ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਦੀ ਜਾਂਚ ਡਾਇਰੈਕਟਰ ਬਿਊਰੋ ਇਨਵੈਸਟੀਗੇਸ਼ਨ ਦੇ ਹੁਕਮ 'ਤੇ ਕਰਾਈਮ ਬ੍ਰਾਂਚ ਨੂੰ ਮਿਲੀ ਸੀ। ਅੰਮ੍ਰਿਤਸਰ ਜ਼ੋਨ ਦੀ ਕਰਾਈਮ ਬ੍ਰਾਂਚ ਟੀਮ ਇੰਸਪੈਕਟਰ ਪਲਵਿੰਦਰ ਸਿੰਘ ਦੀ ਅਗਵਾਈ ਵਿੱਚ ਬੀਤੀ 25 ਸਤੰਬਰ ਨੂੰ ਪਿੰਡ ਸ਼ਹਿਜ਼ਾਦਾ ਵਿੱਚ ਇਸ ਕੇਸ ਵਿੱਚ ਨਾਮਜ਼ਦ ਦੋਸ਼ੀ ਬਲਵੰਤ ਸਿੰਘ ਦੀ ਗ੍ਰਿਫਤਾਰੀ ਵਾਸਤੇ ਗਈ ਤਾਂ ਬਲਵੰਤ ਸਿੰਘ ਦੀ ਨੂੰਹ ਜਸਵਿੰਦਰ ਕੌਰ ਨੇ ਦੋਸ਼ ਲਾਇਆ ਸੀ ਕਿ ਪੁਲਸ ਉਸ ਦੇ ਪਤੀ ਨੂੰ ਬਿਨਾਂ ਕਾਰਨ ਚੁੱਕਣਾ ਚਾਹੁੰਦੀ ਸੀ। ਉਸ ਨੇ ਵਿਰੋਧ ਕੀਤਾ ਤਾਂ ਉਸ ਨੂੰ ਜਬਰਨ ਫੜ ਕੇ ਸਰਕਾਰੀ ਗੱਡੀ ਵਿੱਚ ਬਿਠਾਇਆ।

# ਕੰਬਾਈਨ ਦਾ ਕੰਮ ਛੱਡਣ ਉਤੇ ਕਿਸਾਨ ਵੱਲੋਂ ਨੌਜਵਾਨ ਦਾ ਕਤਲ

ਪਟਿਆਲਾ, 4 ਅਕਤੂਬਰ (ਪੋਸਟ ਬਿਊਰੋ)- ਥਾਣਾ ਸਦਰ ਨਾਭਾ ਦੇ ਪਿੰਡ ਗੁਣੀਕੇ ਵਿੱਚ ਇਕ ਨੌਜਵਾਨ ਦੀ ਮਾਮੂਲੀ ਗੱਲ 'ਤੇ ਜ਼ਿਮੀਂਦਾਰ ਨੇ ਦੋ ਸਾਥੀਆਂ ਨਾਲ ਮਿਲ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਖੇਤ ਵਿੱਚ ਸੁੱਟ ਦਿੱਤੀ। ਪੁਲਸ ਨੇ ਕਾਰਵਾਈ ਕਰਦੇ ਹੋਏ ਨੌਜਵਾਨ ਦੇ ਪਿਤਾ ਦੇ ਬਿਆਨ ਉੱਤੇ ਜ਼ਿਮੀਂਦਾਰ ਤੇ ਉਸ ਦੇ ਦੋ ਸਾਥੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਪਰ ਇਸ ਮਾਮਲੇ ਵਿੱਚ ਅਜੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ।

ਸਾਹਿਬ ਸਿੰਘ ਪਿੰਡ ਡਰੋਲੀ ਨੇ ਬਿਆਨ ਦਿੱਤਾ ਹੈ ਕਿ ਉਸ ਨੇ ਆਪਣੇ ਦੋ ਲੜਕਿਆਂ ਸਮੇਤ ਦੋਸ਼ੀ ਬਿਕਰਮਜੀਤ ਸਿੰਘ ਪਿੰਡ ਰੋਸ਼ਨਵਾਲਾ ਜ਼ਿਲਾ ਸੰਗਰੂਰ ਦੀ ਕੰਬਾਈਨ ਉਤੇ ਕੰਮ ਕਰਨਾ ਛੱਡ ਦਿੱਤਾ ਸੀ। ਇਸ ਦੌਰਾਨ 24 ਸਤੰਬਰ ਨੂੰ ਦੋਸ਼ੀ ਬਿਕਰਮਜੀਤ ਸਿੰਘ ਆਪਣੇ ਦੋ ਸਾਥੀਆਂ ਨਾਲ ਉਨ੍ਹਾਂ ਦੇ ਪਿੰਡ ਡਰੋਲੀ ਆਇਆ ਤੇ ਉਸ ਦੇ ਬੇਟੇ ਧਰਮਿੰਦਰ ਸਿੰਘ (25) ਨੂੰ ਜ਼ਬਰਨ ਆਪਣੇ ਨਾਲ ਗੱਡੀ ਵਿੱਚ ਬਿਠਾ ਕੇ ਲੈ ਗਿਆ। ਬਾਅਦ ਵਿੱਚ ਉਸ ਦਾ ਲੜਕਾ ਵਾਪਸ ਨਹੀਂ ਆਇਆ। ਕਾਫੀ ਪੁੱਛਿਆ ਵੀ ਸੀ, ਪਰ ਬਿਕਰਮਜੀਤ ਸਿੰਘ ਨੇ ਕੁਝ ਨਹੀਂ ਦੱਸਿਆ। ਫਿਰ 30 ਸਤੰਬਰ 2018 ਨੂੰ ਸਾਹਿਬ ਸਿੰਘ ਨੂੰ ਪਤਾ ਲੱਗਾ ਕਿ ਉਸ ਦੇ ਲੜਕੇ ਦੀ ਲਾਸ਼ ਬਿਕਰਮਜੀਤ ਸਿੰਘ ਦੇ ਪਿੰਡ ਗੁਣੀਕੇ ਦੇ ਖੇਤਾਂ ਵਿੱਚ ਪਈ ਹੈ। ਸਾਹਿਬ ਸਿੰਘ ਦੇ ਮੁਤਾਬਕ ਉਸ ਦੇ ਲੜਕੇ ਧਰਮਿੰਦਰ ਸਿੰਘ ਦਾ ਰੰਜ਼ਿਸ਼ ਵਿੱਚ ਬਿਕਰਮਜੀਤ ਸਿੰਘ ਨੇ ਕਤਲ ਕੀਤਾ ਹੈ ਕਿਉਂਕਿ ਉਸ ਨੇ ਆਪਣੇ ਲੜਕਿਆਂ ਦੇ ਨਾਲ ਦੋਸ਼ੀ ਦੀ ਕੰਬਾਈਨ 'ਤੇ ਕੰਮ ਕਰਨਾ ਛੱਡ ਦਿੱਤਾ ਸੀ, ਜਿਸ ਤੋਂ ਉਹ ਨਾਰਾਜ਼ ਸੀ। ਪੁਲਸ ਨੇ ਬਿਆਨ ਦੇ ਆਧਾਰ 'ਤੇ ਬਿਕਰਮਜੀਤ ਸਿੰਘ ਤੇ ਉਸ ਦੇ ਦੋ ਸਾਥੀਆਂ ਉੱਤੇ ਕਤਲ ਦਾ ਕੇਸ ਦਰਜ ਕਰ ਲਿਆ ਹੈ।

# Classifieds/ਕਲਾਸੀਫਾਈਡਸ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਵਾਜਿਬ ਕੀਮਤ ਤੇ ਤਸੱਲੀ ਬਖ਼ਸ਼ ਕੰਮ ਦੀ ਗਰੰਟੀ
With Over 15 Years of Experience
ਪੇਂਟ | ਬੈਕਸਪਲੇਸ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ
Perfect Renovations
Call Davinder Singh: 416.909.6650


RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
— City ਲਈ $20/hour
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ ।
ਜਿਆਦਾ ਜਾਣਕਾਰੀ ਲਈ: 647-632-1742

V4U LOGISTIC INC.
Delivering "Satisfaction"... On Time ...Every Time.
NOW HIRING
A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

JOBS! JOBS! JOBS! JOBS!
ਜੇ ਤੁਸੀਂ ਨੌਕਰੀ ਦੀ ਭਾਲ ਕਰ ਰਹੇ ਹੋ ਸਾਡੇ ਨਾਲ ਸੰਪਰਕ ਕਰੋ
D&S Deol and Song Inc.
Available Positions for full time and part time
General Labour, Order Picking, Assembly Work, Drivers
Forklift & Raymond, Packaging, Reach Operators, Wood Workers
Quality Control, Machine Operators, Office Work, Helpers
Contact Us
P: 905-847-8821 Ext 152
E: customerservice@d-n-s.ca
W: www.d-n-s.ca
Good Hourly Salary
7290 Major Mackenzie Drive Kleinberg, Ont. L0J 1C0

AZ ਡਰਾਇਵਰਾਂ ਦੀ ਲੋੜ ਹੈ
“New Drivers are welcome”
ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟੱਰਕ

ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਦੋਹਾ ਕਤਰ ਤੋਂ ਮੁੜੇ ਚਾਰ ਹੋਰ ਪੀੜਤਾਂ ਨੇ ਵੀ ਪੁਲਸ ਨੂੰ ਸ਼ਿਕਾਇਤ ਦਿੱਤੀ




ਜਲੰਧਰ, 4 ਅਕਤੂਬਰ (ਪੋਸਟ ਬਿਊਰੋ)- ਵਿਦੇਸ਼ ਵਿੱਚ ਸੈਟਲ ਕਰ ਕੇ ਰੁਪਏ ਕਮਾਉਣ ਦਾ ਝਾਂਸਾ ਦੇਣ ਦੇ ਲਾਰੇ ਨਾਲ ਲੱਖਾਂ ਰੁਪਏ ਠੱਗਣ ਵਾਲੇ ਜਲੰਧਰ ਦੇ ਦੋ ਟਰੈਵਲ ਏਜੰਟਾਂ ਖਿਲਾਫ ਕੱਲ੍ਹ ਦੋਹਾ ਕਤਰ ਤੋਂ ਮੁੜੇ ਦੋ ਜਣਿਆਂ ਨੇ ਸ਼ਿਕਾਇਤ ਦਿੱਤੀ ਹੈ। ਦੋਹਾ ਕਤਰ ਤੋਂ ਮੁੜੇ ਠੱਗੀ ਦਾ ਸ਼ਿਕਾਰ ਚਾਰ ਹੋਰ ਲੋਕਾਂ ਨੇ ਵੀ ਥਾਣਾ ਨੰਬਰ ਅੱਠ ਵਿੱਚ ਸ਼ਿਕਾਇਤ ਦਿੱਤੀ ਹੈ, ਜਿਸ ਵਿੱਚ ਇਨ੍ਹਾਂ ਲੋਕਾਂ ਨੇ ਟਰੈਵਲ ਏਜੰਟਾਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਸ਼ਿਕਾਇਤ ਕਰਤਾ ਭੁਪਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ, ਵੀਰੂ ਰਾਮ ਪੁੱਤਰ ਗਿਆਨ ਚੰਦ, ਅਮਨਦੀਪ ਸਿੰਘ ਪੁੱਤਰ ਸੁਖਦੇਵ ਸਿੰਘ, ਜਗਪ੍ਰੀਤ ਸਿੰਘ ਪੁੱਤਰ ਸੰਤ ਰਾਮ ਵਾਸੀ ਸ਼ਾਹਕੋਟ ਨੇ ਦੱਸਿਆ ਕਿ ਕਮਲ ਵਿਹਾਰ ਅਤੇ ਮਾਡਲ ਹਾਊਸ ਦੇ ਰਹਿਣ ਵਾਲੇ ਦੋ ਟਰੈਵਲ ਏਜੰਟਾਂ ਨੇ ਉਨ੍ਹਾਂ ਤੋਂ 75 ਹਜ਼ਾਰ ਰੁਪਏ ਦੇ ਹਿਸਾਬ ਨਾਲ ਪੈਸੇ ਲੈ ਕੇ ਦੋਹਾ ਕਤਰ ਦੀ ਕੰਪਨੀ 'ਚ ਭਿਜਵਾਇਆ ਅਤੇ ਉਥੇ ਖਾਣਾ-ਪੀਣਾ, ਰਹਿਣਾ ਤੇ ਵਧੀਆ ਤਨਖਾਹ ਦੇਣ ਦੀ ਗੱਲ ਕਹੀ ਸੀ, ਪਰ ਜਦੋਂ ਉਹ ਉਥੇ ਪਹੁੰਚੇ ਤਾਂ ਅਜਿਹਾ ਕੁਝ ਨਹੀਂ ਸੀ। ਉਨ੍ਹਾਂ ਨੂੰ ਨਾ ਦੋ ਮਹੀਨਿਆਂ ਦੇ ਕੀਤੇ ਕੰਮ ਦੀ ਤਨਖਾਹ ਮਿਲੀ ਤੇ ਨਾ ਉਥੇ ਖਾਣ ਨੂੰ ਕੁਝ ਮਿਲਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਰਵਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਟਿਕਟਾਂ ਭੇਜ ਕੇ ਵਾਪਸ ਬੁਲਾਇਆ। ਠੱਗੀ ਦੇ ਸ਼ਿਕਾਰ ਲੋਕਾਂ ਨੇ ਦੱਸਿਆ ਕਿ ਉਕਤ ਦੋ ਟਰੈਵਲ ਏਜੰਟਾਂ ਨੇ ਉਨ੍ਹਾਂ ਕੋਲੋਂ ਪਠਾਨਕੋਟ ਚੌਕ ਨੇੜੇ ਇੱਕ ਦਫਤਰ 'ਚ ਬੁਲਾ ਕੇ ਰੁਪਏ ਲਏ। ਥਾਣਾ ਅੱਠ ਦੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।


# ਭਾਰਤੀਆਂ ਦੇ ਗਰੁੱਪ ਨੇ ਕਰੂਜ਼ 'ਤੇ ਕਬਜ਼ਾ ਕਰ ਕੇ ਹੰਗਾਮਾ ਕੀਤਾ

ਸਿਡਨੀ, 4 ਅਕਤੂਬਰ (ਪੋਸਟ ਬਿਊਰੋ)- ਰਾਇਲ ਕੈਰੇਬੀਅਨ ਇੰਟਰਨੈਸ਼ਲ ਲਗਜ਼ਰੀ ਕਰੂਜ਼ ਦਾ ਸਫਰ ਕਈ ਲੋਕਾਂ ਦੇ ਲਈ ਛੁੱਟੀ ਮਨਾਉਣ ਅਤੇ ਸਮੁੰਦਰ ਨੂੰ ਦੇਖਣ ਦਾ ਮੌਕਾ ਹੁੰਦਾ ਹੈ। ਸਿਡਨੀ ਤੋਂ ਰਵਾਨਾ ਹੋਏ ਕਰੂਜ਼ 'ਤੇ ਆਸਟ੍ਰੇਲੀਆਈ ਯਾਤਰੀਆਂ ਲਈ ਪਰਸੋਂ ਇਹ ਸਫਰ ਇੰਨਾ ਆਸਾਨ ਨਹੀਂ ਰਿਹਾ।

ਮਿਲੀ ਜਾਣਕਾਰੀ ਅਨੁਸਾਰ ਇਕ ਭਾਰਤੀ ਤੰਬਾਕੂ ਕੰਪਨੀ ਦੇ 1300 ਸਟਾਫ ਮੈਂਬਰਾਂ ਨੇ ਇਸ ਕਰੂਜ਼ ਉੱਤੇ ਜਮ ਕੇ ਹੰਗਾਮਾ ਕੀਤਾ। ਉਨ੍ਹਾਂ ਨੇ ਦੇਰ ਰਾਤ ਤੱਕ ਪਾਰਟੀ ਕੀਤੀ, ਜਿਸ ਦੇ ਡਾਂਸ ਲਈ ਖਾਸ ਡਾਂਸਰਾਂ ਬੁਲਾਈਆਂ ਸਨ। ਡਾਂਸ ਟੀਮ ਨਾਲ ਭਾਰਤੀ ਮੈਂਬਰਾਂ ਨੇ ਜਮ ਕੇ ਹੰਗਾਮਾ ਕੀਤਾ ਅਤੇ ਬਾਰ ਅਤੇ ਬੱਫੇ ਉੱਤੇ ਟੁੱਟ ਪਏ। ਇਨ੍ਹਾਂ ਭਾਰਤੀਆਂ ਉਤੇ ਅਸ਼ਲੀਲ ਅਤੇ ਇਤਰਾਜ਼ ਯੋਗ ਹਰਕਤਾਂ ਕਰਨ ਦਾ ਵੀ ਦੋਸ਼ ਲੱਗਾ ਹੈ। 3000 ਲੋਕਾਂ ਦੀ ਸਮਰੱਥਾ ਵਾਲੇ ਇਸ ਕਰੂਜ਼ 'ਤੇ ਸਵਾਰ ਹੋਰ ਯਾਤਰੀਆਂ ਨੇ ਭਾਰਤੀਆਂ ਦੇ ਵਿਹਾਰ ਦੀ ਆਲੋਚਨਾ ਕੀਤੀ। ਇਕ ਆਸਟ੍ਰੇਲੀਆਈ ਨੈੱਟਵਰਕ ਨੂੰ ਦਿੱਤੇ ਇੰਟਰਵਿਊ ਵਿਚ ਕਰੂਜ਼ ਦੇ ਬਾਕੀ ਯਾਤਰੀਆਂ ਨੇ ਛੁੱਟੀ ਖਰਾਬ ਹੋਣ ਦੇ ਬਾਰੇ ਦੱਸਿਆ। ਪਤਾ ਲੱਗਾ ਹੈ ਕਿ ਹੰਗਾਮਾ ਕਰਨ ਵਾਲੇ ਲੋਕ ਤੰਬਾਕੂ ਕੰਪਨੀ ਵਿਚ ਕੰਮ ਕਰਦੇ ਹਨ ਅਤੇ 6 ਸਤੰਬਰ ਨੂੰ ਤਿੰਨ ਦਿਨਾ ਕਰੂਜ਼ ਯਾਤਰਾ ਲਈ ਚੱਲੇ ਸਨ। ਯਾਤਰੀਆਂ ਦਾ ਕਹਿਣਾ ਹੈ ਕਿ ਤਿੰਨ ਦਿਨ ਦੀ ਯਾਤਰਾ ਵਿਚ ਹਰ ਰਾਤ ਉਹ ਕੁਝ ਬਾਰ ਡਾਂਸਰਾਂ ਲੈ ਆਉਂਦੇ ਸਨ, ਜਿਨ੍ਹਾਂ ਨੇ ਬਹੁਤ ਛੋਟੇ ਕੱਪੜੇ ਪਹਿਨੇ ਹੋਏ ਸਨ। ਭਾਰਤੀ ਗਰੁੱਪ ਉਨ੍ਹਾਂ ਨਾਲ ਡੈੱਕ ਉੱਤੇ ਦੇਰ ਰਾਤ ਤੱਕ ਹੰਗਾਮਾ ਕਰਦਾ ਸੀ। ਇਨ੍ਹਾਂ ਨੇ ਡਾਂਸਰਾਂ ਨਾਲ ਅਸ਼ਲੀਲ ਵਿਹਾਰ ਕੀਤਾ ਅਤੇ ਉਨ੍ਹਾਂ ਦੀ ਤਸਵੀਰਾਂ ਅਤੇ ਡਾਂਸ ਦਾ ਵੀਡੀਓ ਫੋਨ ਵਿਚ ਸ਼ੂਟ ਕੀਤਾ। ਕਰੂਜ਼ ਕੰਪਨੀ ਨੂੰ ਜਿਹੜੇ ਯਾਤਰੀਆਂ ਨੇ ਸ਼ਿਕਾਇਤ ਕੀਤੀ, ਉਨ੍ਹਾਂ ਦੇ ਟ੍ਰਿਪ ਦਾ ਪੂਰਾ ਪੈਸਾ ਮੋੜ ਦਿੱਤਾ ਗਿਆ ਹੈ। ਇਕ ਮਹਿਲਾ ਯਾਤਰੀ ਨੇ ਕਿਹਾ, 'ਲੱਗ ਰਿਹਾ ਸੀ ਕਿ ਇਹ ਪੂਰੀ ਤਰ੍ਹਾਂ ਇਕ ਬੈਚਲਰ ਪਾਰਟੀ ਸੀ। ਪੁਰਸ਼ਾਂ ਨੇ ਬਾਰ ਗਰਲਜ਼ ਸੱਦੀਆਂ ਅਤੇ ਡਾਂਸਰ ਨਾਲ ਅਸ਼ਲੀਲ ਵਿਹਾਰ ਕਰ ਰਹੇ ਸਨ। ਤਸਵੀਰਾਂ ਖਿੱਚ ਰਹੇ ਅਤੇ ਵੀਡੀਓ ਬਣਾ ਰਹੇ ਸਨ। ਇਹ ਸਭ ਦੇਖਣਾ ਦੁਖਦਾਈ ਤੇ ਸ਼ਰਮਨਾਕ ਸੀ। ਉਹ ਲੋਕ ਬਿੰਗੋ ਗੇਮਜ਼ ਖੇਡਾਂ ਖੇਡਦੇ ਲੱਗਦੇ ਸਨ।'

ਯਾਤਰੀਆਂ ਮੁਤਾਬਕ ਕਰੂਜ਼ 'ਤੇ ਮੌਜੂਦ ਪਰਿਵਾਰਾਂ ਨੂੰ ਉਨ੍ਹਾਂ ਤੋਂ ਬਚ ਕੇ ਕਮਾਰਿਆਂ ਵਿਚ ਸ਼ਰਣ ਲੈਣੀ ਪਈ। ਉਹ ਇਸ ਗੱਲ ਤੋਂ ਡਰ ਗਏ ਕਿ ਬਾਹਰ ਨਿਕਲੇ ਤਾਂ ਉਨ੍ਹਾਂ ਨੂੰ ਕੁਝ ਗਲਤ ਦੇਖਣ ਨੂੰ ਮਿਲ ਸਕਦਾ ਹੈ। ਉਨ੍ਹਾਂ ਮੁਤਾਬਕ ਭਾਰਤੀ ਦਲ ਨੇ ਇੰਨਾ ਖਾਣਾ ਖਾਧਾ ਕਿ ਬਾਕੀ ਲੋਕਾਂ ਲਈ ਲੰਚ ਅਤੇ ਡਿਨਰ ਦੇ ਸਮੇਂ ਖਾਣਾ ਨਹੀਂ ਬਚਿਆ।

# ਪਾਕਿ ਨੇ ਅਮਰੀਕਾ ਤੋਂ ਭਾਰਤ ਨਾਲ ਗੱਲਬਾਤ ਲਈ ਮਦਦ ਮੰਗੀ



ਵਾਸ਼ਿੰਗਟਨ, 4 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਉਨਾਂ ਦਾ ਦੇਸ਼ ਚਾਹੁੰਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚ ਗੱਲਬਾਤ ਸ਼ੁਰੂ ਕਰਾਉਣ ਵਿਚ ਅਮਰੀਕਾ ਮਦਦ ਕਰੇ, ਕਿਉਂਕਿ ਦੋਵਾਂ ਦੱਖਣੀ ਏਸ਼ੀਆਈ ਗੁਆਂਢੀ ਦੇਸ਼ਾਂ ਵਿਚ ਦੋ ਪੱਖੀ ਗਲਬਾਤ ਬੰਦ ਹੈ। ਨਾਲ ਹੀ ਉਨਾਂ ਚਿਤਾਵਨੀ ਦਿਤੀ ਕਿ ਗਲਬਾਤ ਨਹੀਂ ਹੁੰਦੀ ਤਾਂ ਤਣਾਅ ਹੋਰ ਵਧ ਸਕਦਾ ਹੈ। ਇਸ ਬਾਰੇ ਕੁਰੈਸ਼ੀ ਨੇ ਕਿਹਾ ਕਿ ਅਮਰੀਕਾ ਨੇ ਇਸ ਬਾਰੇ ਪਾਕਿਸਤਾਨ ਦੀ ਬੇਨਤੀ ਠੁਕਰਾ ਦਿਤੀ ਹੈ। ਇਸ ਤੋਂ ਇਕ ਦਿਨ ਪਹਿਲਾਂ ਉਨਾਂ ਵਿਦੇਸ਼ ਮੰਤਰੀ ਮਾਈਕ ਪੋਂਪੀਓ ਅਤੇ ਕੌਮੀ ਸੁਰੱਖਿਆ ਸਲਾਹਕਾਰ ਜਾਨ ਬੋਲਟਨ ਨਾਲ ਬੈਠਕ ਕੀਤੀ ਸੀ।

ਵਰਨਣ ਯੋਗ ਹੈ ਕਿ ਭਾਰਤ ਗਵਾਂਢੀ ਦੇਸ਼ ਦੇ ਨਾਲ ਸਬੰਧਾਂ ਵਿਚ ਕਿਸੇ ਤੀਸਰੇ ਦੇਸ਼ ਦੀ ਵਿਚੋਲਗਿਰੀ ਦਾ ਵਿਰੋਧ ਕਰਦਾ ਹੈ। ਪਾਕਿਸਤਾਨ ਕਸ਼ਮੀਰ ਸਮੇਤ ਹੋਰਨਾਂ ਮੁੱਦਿਆਂ ਬਾਰੇ ਮਤਭੇਦ ਸੁਲਝਾਉਣ ਲਈ ਲਗਾਤਾਰ ਵਿਚੋਲਗਿਰੀ ਦੀ ਗੱਲ ਕਰਦਾ ਰਿਹਾ ਹੈ। ਅਮਰੀਕੀ ਕਾਂਗਰਸ ਵੱਲੋਂ ਦਿੱਤੇ ਜਾਂਦੇ ਪੈਸੇ ਨਾਲ ਚੱਲਦੇ ਥਿੰਕ ਟੈਂਕ ਇੰਸਟੀਚਿਊਟ ਆਫ ਪੀਸ ਦੇ ਇਕ ਸਵਾਲ ਦੇ ਜਵਾਬ ਵਿਚ ਕੁਰੈਸ਼ੀ ਨੇ ਕਿਹਾ ਕਿ ਜਦ ਅਸੀਂ ਅਮਰੀਕਾ ਨੂੰ ਗਲਬਾਤ ਵਿਚ ਭੂਮਿਕਾ ਨਿਭਾਉਣ ਨੂੰ ਕਿਹਾ ਤਾਂ ਕਿਉਂ ਕਿਹਾ? ਸਿਰਫ ਇਸ ਲਈ ਕਿ ਸਾਡੇ ਵਿਚ ਦੋਵੱਲੀ ਗਲਬਾਤ ਬੰਦ ਹੈ। ਅਸੀਂ ਸਰਹੱਦ ਦੇ ਪੱਛਮ ਵਲ ਧਿਆਨ ਲਾਉਣਾ ਤੇ ਅਗੇ ਵਧਣਾ ਚਾਹੁੰਦੇ ਹਾਂ, ਜੋ ਅਸੀਂ ਨਹੀਂ ਕਰ ਪਾ ਰਹੇ, ਕਿਉਂਕਿ ਅਸੀਂ ਪੂਰਬ (ਭਾਰਤੀ ਸਰਹੱਦ ਉਤੇ) ਮੁੜ ਕੇ ਵੇਖਣਾ ਹੁੰਦਾ ਹੈ। ਇਹ ਚੰਗੀ ਗੱਲ ਨਹੀਂ। ਉਨਾਂ ਕਿਹਾ ਕਿ ਕੀ ਅਮਰੀਕਾ ਮਦਦ ਕਰ ਸਕਦਾ ਹੈ? ਉਨਾਂ ਦਾ ਜਵਾਬ ਨਾ ਸੀ। ਉਹ ਦੋਵੱਲੀ ਗਲਬਾਤ ਚਾਹੁੰਦੇ ਹਨ, ਪਰ ਕੋਈ ਕਰਾ ਨਹੀਂ ਰਿਹਾ। ਉਨਾਂ ਚਿਤਾਵਨੀ ਦਿਤੀ ਕਿ ਦੋ ਦੱਖਣ ਏਸ਼ੀਆਈ ਦੇਸ਼ਾਂ ਵਿਚ ਤਣਾਅ ਵਧ ਸਕਦਾ ਹੈ। ਕੁਰੈਸ਼ੀ ਨੇ ਭਾਰਤੀ ਨੇਤਾਵਾਂ ਦੀ ਟਿੱਪਣੀਆਂ ਬਾਰੇ ਕਿਹਾ ਕਿਇਹ ਬਿਆਨ ਬਹੁਤੇ ਮਦਦਗਾਰ ਨਹੀਂ। ਸਰਜੀਕਲ ਸਟਰਾਈਕ ਤੇ ਏਦਾਂ ਦੀਆਂ ਗੱਲਾਂ ਦਾ ਕੋਈ ਅਰਥ ਨਹੀਂ। ਇਹ ਰਾਜਨੀਤੀ ਹੈ।

# ਖਾਣਾ ਬਣਾਉਂਦੀ ਝੁਲਸ ਗਈ ਔਰਤ ਦੀ ਇਲਾਜ ਦੌਰਾਨ ਮੌਤ

ਕਪੂਰਥਲਾ, 4 ਅਕਤੂਬਰ (ਪੋਸਟ ਬਿਊਰੋ)- ਪਿੰਡ ਸਿੱਧਵਾਂ ਦੋਨਾਂ ਵਿੱਚ ਇੱਕ ਸਤੰਬਰ ਨੂੰ ਖਾਣਾ ਬਣਾਉਂਦੇ ਹੋਏ ਸਟੋਵ ਫਟਣ ਕਾਰਨ ਲੱਗੀ ਅੱਗ ਨਾਲ ਬੁਰੀ ਤਰ੍ਹਾਂ ਝੁਲਸੀ ਮਹਿਲਾ ਨੇ ਦੂਸਰੇ ਦਿਨ ਜਲੰਧਰ ਦੇ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਦਿੱਤਾ। ਇਸ ਸੰਬੰਧ ਵਿੱਚ ਅਗਲੀ ਕਾਰਵਾਈ ਜਾਰੀ ਹੈ। ਪਿੰਡ ਸਿੱਧਵਾਂ ਦੋਨਾਂ ਦੀ ਤੀਹ ਸਾਲਾ ਮੁੰਨੀ ਕੁਮਾਰੀ 1 ਸਤੰਬਰ ਸਵੇਰੇ ਸਟੋਵ 'ਤੇ ਖਾਣਾ ਬਣਾ ਰਹੀ ਸੀ ਕਿ ਇਸ ਵਿੱਚੋਂ ਨਿਕਲੀਆਂ ਲਪਟਾਂ ਕਰਕੇ ਅੱਗ ਲੱਗਣ ਨਾਲ ਝੁਲਸ ਗਈ। ਉਸ ਦੇ ਪਤੀ ਨੇ ਅੱਗ 'ਤੇ ਕਾਬੂ ਪਾਇਆ। ਉਸ ਦਾ ਪਤੀ ਵੀ 10 ਫੀਸਦੀ ਤੱਕ ਝੁਲਸ ਗਿਆ। ਪਿੰਡ ਵਾਸੀਆਂ ਨੇ ਉਸ ਨੂੰ ਸਿਵਲ ਹਸਪਤਾਲ ਭਰਤੀ ਕਰਾਇਆ ਸੀ।

# ਆਸਟ੍ਰੇਲੀਆ ਵਿੱਚ ਔਰਤਾਂ ਨੇ ਸੈਨੇਟਰੀ ਪੈਡ ਦੇ ਟੈਕਸ ਵਿਰੁੱਧ 18 ਸਾਲ ਲੰਬੀ ਲੜਾਈ ਜਿੱਤੀ




ਸਿਡਨੀ, 4 ਅਕਤੂਬਰ (ਪੋਸਟ ਬਿਊਰੋ)- ਔਰਤਾਂ ਦੇ ਇੱਕ ਗਰੁੱਪ ਨੇ ਆਸਟ੍ਰੇਲੀਆ ਵਿਚ ਲੰਬੀ ਲੜਾਈ ਲੜੀ ਤੇ ਆਖਰ ਉਨ੍ਹਾਂ ਨੂੰ ਸਫਲਤਾ ਮਿਲ ਗਈ। ਓਥੇ ਸਰਕਾਰ ਨੇ ਇਕ ਅਜਿਹਾ ਵਿਵਾਦ ਪੂਰਨ ਟੈਕਸ ਹਟਾ ਦਿੱਤਾ, ਜਿਸ ਲਈ ਔਰਤਾਂ ਦੇ ਗਰੁੱਪ ਨੇ ਕਈ ਸਾਲਾਂ ਤੋਂ ਲੰਬੀ ਮੁਹਿੰਮ ਛੇੜ ਰੱਖੀ ਸੀ। ਅਸਲ ਵਿੱਚ ਸਾਲ 2000 'ਚ ਟੈਮਪਨ ਟੈਕਸ, ਸੈਨੇਟਰੀ ਪੈਡਸ 'ਤੇ ਵਸਤੂ ਅਤੇ ਸੇਵਾ ਟੈਕਸ (ਜੀ ਐਸ ਟੀ) ਲਾ ਦਿੱਤਾ ਗਿਆ। ਇਸ ਸਮੇਂ ਵਿਚ ਸੈਨੇਟਰੀ ਪੈਡ ਨੂੰ 10 ਫੀਸਦੀ ਟੈਕਸ ਨਾਲ ਵੇਚਿਆ ਜਾਂਦਾ ਸੀ। ਔਰਤਾਂ ਦੇ ਇਸ ਗਰੁੱਪ ਦੇ ਸਾਲਾਂ ਦੇ ਵਿਰੋਧ ਪਿੱਛੋਂ ਇਹ ਟੈਕਸ ਹਟਾ ਦਿੱਤਾ ਗਿਆ ਹੈ। ਫੈਡਰਲ ਮੰਤਰੀ ਕੇਲੀ ਓ ਡਾਇਰ ਨੇ ਕਿਹਾ ਕਿ ਇਸ ਨੂੰ ਹਟਾਏ ਜਾਣ ਦਾ ਆਸਟ੍ਰੇਲੀਆ ਦੀਆਂ ਲੱਖਾਂ ਔਰਤਾਂ ਨੂੰ ਲਾਭ ਹੋਵੇਗਾ। ਗ੍ਰੀਨ ਪਾਰਟੀ ਦੀ ਸੈਨੇਟਰ ਜੇਨਟ ਰਾਈਸ ਨੇ ਕਿਹਾ ਕਿ ਕਰੀਬ 18 ਸਾਲ ਲੜੀ ਲੰਬੀ ਲੜਾਈ ਨਾਲ ਇਹ ਜਸ਼ਨ ਦਾ ਦਿਨ ਆਇਆ ਹੈ। ਫੈਡਰਲ ਅਤੇ ਸਟੇਟ ਦੀਆਂ ਸਰਕਾਰਾਂ ਕੱਲ੍ਹ ਇਸ 'ਤੇ ਸਹਿਮਤ ਹੋਈਆਂ ਕਿ ਟੈਕਸ ਹਟਾਇਆ ਜਾਂਦਾ ਹੈ। ਮੰਤਰੀ ਕੇਲੀ ਨੇ ਕਿਹਾ ਕਿ ਇਹ ਗੈਰ-ਜ਼ਰੂਰੀ ਟੈਕਸ ਸੀ, ਜੋ ਹਰ ਕੋਈ ਹਟਾਉਣ ਦੇ ਪੱਖ ਵਿਚ ਸੀ। ਇਸ ਟੈਕਸ ਨੂੰ ਹਟਾ ਲਏ ਜਾਣ ਪਿੱਛੋਂ ਲੱਖਾਂ ਔਰਤਾਂ ਨੇ ਕਿਹਾ ਕਿ ਅਸੀਂ ਤੁਹਾਡੇ ਬਹੁਤ ਧੰਨਵਾਦੀ ਹਾਂ। ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਪਹਿਲਾਂ ਹੀ ਕਿਹਾ ਸੀ ਕਿ ਸੈਨੇਟਰੀ ਉਤਪਾਦਾਂ ਨੂੰ ਜੀ ਐਸ ਟੀ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।


ਮੰਨ ਪਸੰਦ ਦੀ Kitchen and Washroom ਬਣਵਾਓ

**Pearson Kitchen & Cabinet**

Free Estimate
We Specialize in granite, quartz & marble countertops

We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / Squire Ellis Dr / DENTISTRY / Countryside Dr



Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)



BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005
* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL** Forklift Re-Certification Only $69
Open 7 Days
27-B Edvac Drive, Brampton, ON L6S 5X8
Karnail Singh



## 'ਜ਼ਿੰਦਾਬਾਦ' ਵਿੱਚ ਸਨਾ ਦਾ ਮੁਸ਼ਕਿਲ ਕਿਰਦਾਰ


ਵਿਕਰਮ ਭੱਟ ਦੀ ਵੈੱਬ ਸੀਰੀਜ਼ 'ਜ਼ਿੰਦਾ-ਬਾਦ' ਵਿੱਚ ਟੀ ਵੀ ਅਭਿਨੇਤਰੀ ਸਨਾ ਖਾਨ ਇੱਕ ਮੁਸ਼ਕਲ ਕਿਰਦਾਰ ਵਿੱਚ ਨਜ਼ਰ ਆਏਗੀ। ਦੱਸਿਆ ਜਾ ਰਿਹਾ ਹੈ ਕਿ ਇਸ ਵਿੱਚ ਉਹ ਇੱਕ ਇੰਟੈਲੀਜੈਂਸ ਅਧਿਕਾਰੀ ਦੇ ਕਿਰਦਾਰ ਵਿੱਚ ਦਿਸੇਗੀ। ਆਪਣੇ ਇਸ ਨਵੇਂ ਕਿਰਦਾਰ ਬਾਰੇ ਸਨਾ ਦੱਸਦੀ ਹੈ ਕਿ ਉਸ ਦੇ ਲਈ ਇਹ ਇਮੇਜ ਮੇਕਓਵਰ ਵਰਗਾ ਮੌਕਾ ਹੋਵੇਗਾ ਅਤੇ ਉਹ ਇਸ ਤਰ੍ਹਾਂ ਦੇ ਰੀਅਲ ਕਿਰਦਾਰ ਨਿਭਾਉਣਾ ਚਾਹੁੰਦੀ ਹੈ। ਕਿਰਦਾਰ ਦੇ ਬਾਰੇ ਵਿੱਚ ਸਨਾ ਨੇ ਦੱਸਿਆ ਕਿ ਮੈਂ 'ਜ਼ਿੰਦਾਬਾਦ' ਵਿੱਚ ਬੇਨਜ਼ੀਰ ਦਾ ਕਿਰਦਾਰ ਮਿਲਣ ਤੋਂ ਕਾਫੀ ਖੁਸ਼ ਹਾਂ।

## ਸੈਫ ਅਲੀ ਖਾਨ ਫਿਰ ਪਰਤੇ ਪ੍ਰੋਡਕਸ਼ਨ ਵਿੱਚ



ਸੈਫ ਅਲੀ ਖਾਨ ਇੱਕ ਵਾਰ ਫਿਰ ਆਪਣੀ ਪ੍ਰੋਡਕਸ਼ਨ ਕੰਪਨੀ ਨੂੰ ਐਕਟਿਵ ਕਰ ਰਹੇ ਹਨ। ਫਿਲਮਿਸਤਾਨ ਅਤੇ ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਮਿੱਤਰੋ' ਦੇ ਨਿਰਦੇਸ਼ਕ ਨਿਤਿਨ ਕੱਕੜ ਦੇ ਨਾਲ ਸੈਫ ਅਲੀ ਖਾਨ ਦੀ ਇੱਕ ਨਵੀਂ ਫਿਲਮ ਸ਼ੁਰੂ ਹੋਣ ਜਾ ਰਹੀ ਹੈ, ਜਿਸ ਦਾ ਨਿਰਮ-ਾਣ ਸੈਫ ਅਲੀ ਖਾਨ ਦੀ ਪ੍ਰੋਡਕਸ਼ਨ ਕੰਪਨੀ ਵਿੱਚ ਹੋਵੇਗਾ।

ਇਸ ਕੰਪਨੀ ਵਿੱਚ ਸੈਫ 'ਲਵ ਆਜਕੱਲ੍ਹ', 'ਕਾਕਟੇਲ' ਅਤੇ 'ਗੋ ਗੋਆ ਗਾਨ' ਫਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ। ਨਿਤਿਨ ਦੇ ਮੁਤਾਬਕ ਇਹ ਫੈਮਿਲੀ ਕਾਮੇਡੀ ਫਿਲਮ ਹੋਵੇਗੀ।






## ਸ਼ਾਹਰੁਖ ਨਾਲ ਰਾਣੀ ਕਰੇਗੀ 'ਸਲਿਊਟ'

ਭਾਰਤ ਦੇ ਪਹਿਲੇ ਪੁਲਾੜ-ਯਾਤਰੀ ਰਾਕੇਸ਼ ਸ਼ਰਮਾ ਦੀ ਬਾਇਓਪਿਕ ਫਿਲਮ ਵਿੱਚ ਸ਼ਾਹਰੁਖ ਖਾਨ ਦੇ ਨਾਲ ਰਾਣੀ ਮੁਖਰਜੀ ਨਜ਼ਰ ਆਏਗੀ। ਕਾਫੀ ਦਿਨਾਂ ਤੋਂ ਚਰਚਾ ਚੱਲ ਰਹੀ ਸੀ ਕਿ 'ਸਲਿਊਟ' ਵਿੱਚ ਸ਼ਾਹਰੁਖ ਦੇ ਆਪੋਜ਼ਿਟ ਕਿਹੜੀ ਅਭਿਨੇਤਰੀ ਹੋਵੇਗੀ। ਕਦੇ ਕਰੀਨਾ ਕਪੂਰ ਦਾ ਨਾਂਅ ਸਾਹਮਣੇ ਆਇਆ ਤਾਂ ਕਦੇ ਪ੍ਰਿਅੰਕਾ ਚੋਪੜਾ ਦਾ। ਦੋ ਦਿਨ ਪਹਿਲਾਂ ਭੂਮੀ ਪੇਡਨੇਕਰ ਦੇ ਹੋਣ ਦੀ ਚਰਚਾ ਹੋ ਰਹੀ ਸੀ, ਪਰ ਤੈਅ ਹੋ ਗਿਆ ਹੈ ਕਿ ਰਾਣੀ ਮੁਖਰਜੀ ਸ਼ਾਹਰੁਖ ਖਾਨ ਦੇ ਆਪੋਜ਼ਿਟ ਹੋਵੇਗੀ। ਫਿਲਮ ਦੇ ਨਿਰਮਾਤਾ ਸਿਧਾਰਥ ਰਾਏ ਕਪੂਰ ਅਤੇ ਮਹੇਸ਼ ਮਥਾਈ ਨੇ ਰਾਣੀ ਦਾ ਨਾਂਅ ਫਾਈਨਲ ਕਰ ਲਿਆ ਹੈ।

ਹਾਲ ਹੀ ਵਿੱਚ ਮਲਿਆਲਮ ਫਿਲਮ 'ਰਾਨਮ' ਦੀ ਸਪੈਸ਼ਲ ਸਕਰੀਨਿੰਗ 'ਤੇ ਸਿਧਾਰਥ ਰਾਏ ਕਪੂਰ ਨੇ ਕਿਹਾ ਸੀ ਕਿ ਜਲਦ ਹੀ ਸ਼ਾਹਰੁਖ ਫਿਲਮ ਦੀ ਸ਼ੂਟਿੰਗ ਸ਼ੁਰੂ ਕਰਨਗੇ। ਜਦ ਸਿਧਾਰਥ ਤੋਂ ਬਾਇਓਪਿਕ ਨਿਰਮਾਣ ਦੀਆਂ ਚੁਣੌਤੀਆਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਫਿਲਮ ਨੂੰ ਪ੍ਰੋਡਿਊਸ ਕਰਨਾ ਆਸਾਨ ਨਹੀਂ ਹੁੰਦਾ।

## ਫਿਲਮ ਫਲਾਪ ਹੋਵੇ ਤਾਂ ਨਿਰਾਸ਼ਾ ਹੁੰਦੀ ਹੈ : ਹਰਸ਼ਵਰਧਨ ਕਪੂਰ



ਹਰਸ਼ਵਰਧਨ ਕਪੂਰ ਨੇ ਦੋ ਸਾਲ ਪਹਿਲਾਂ 'ਮਿਰਜ਼ਿਆ' ਨਾਲ ਫਿਲਮ ਇੰਡਸਟਰੀ ਵਿੱਚ ਕਦਮ ਰੱਖਿਆ ਸੀ। ਜਲਦੀ ਹੀ ਉਹ ਅਭਿਨਵ ਬਿੰਦਰਾ ਦੀ ਬਾਇਓਪਿਕ ਵਿੱਚ ਦਿਖਾਈ ਦੇਣਗੇ। ਉਨ੍ਹਾਂ ਦੀ ਲਾਸਟ ਰਿਲੀਜ਼ ਫਿਲਮ 'ਭਾਵੇਸ਼ ਜੋਸ਼ੀ ਸੁਪਰਹੀਰੋ' ਨੇ ਵਧੀਆ ਪ੍ਰਦਰਸ਼ਨ ਨਹੀਂ ਕੀਤਾ। ਉਨ੍ਹਾਂ ਨਾਲ ਆਉਣ ਵਾਲੀ ਫਿਲਮ ਅਤੇ ਫੈਮਿਲੀ ਨੂੰ ਲੈ ਕੇ ਹੋਏ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* 'ਅਭਿਨਵ ਬਿੰਦਰਾ' ਦੀ ਬਾਇਓਪਿਕ ਦੇ ਲਈ ਕੀ ਟ੍ਰਾਂਸਫਰਮੇਸ਼ਨ ਕਰੋਗੇ?

- 'ਭਾਵੇਸ਼ ਜੋਸ਼ੀ' ਫਿਲਮ ਦੇ ਬਾਅਦ ਮੈਂ ਛੁੱਟੀਆਂ ਬਿਤਾਉਣ ਲੰਡਨ ਗਿਆ ਸੀ। ਜਦ ਵਾਪਸ ਆਇਆ ਤਾਂ ਮੇਰੇ ਵਾਲ ਵੱਡੇ ਸਨ ਮੈਂ ਉਨ੍ਹਾਂ ਨੂੰ ਛੋਟਾ ਕਰਵਾ ਲਿਆ। ਮੈਂ ਦਾੜ੍ਹੀ ਵੀ ਕਟਵਾਉਣ ਵਾਲਾ ਸੀ, ਪਰ ਸਾਡੀ ਸਕ੍ਰਿਪਟ ਅਜੇ ਤੱਕ ਤਿਆਰ ਨਹੀਂ ਹੈ। ਜਦ ਤਿਆਰ ਹੋ ਜਾਏਗੀ, ਤਦ ਮੈਂ ਲੁਕ ਉੱਤੇ ਕੰਮ ਕਰਨਾ ਸ਼ੁਰੂ ਕਰਾਂਗਾ। ਤਦ ਪੂਰਾ ਟ੍ਰਾਂਸਫਾਰਮੇਸ਼ਨ ਹੋਵੇਗਾ। ਤਦ ਤੱਕ ਜਿਹੋ ਜਿਹਾ ਚਾਹਾਂ ਉਹੋ ਜਿਹੀ ਲੁਕ ਸਕਦਾ ਹਾਂ। ਦਰਅਸਲ, ਮੈਂ ਖੁਦ ਵੀ ਕਲੀਨ ਸ਼ੇਵ ਲੁਕ ਰੱਖਣਾ ਚਾਹੁੰਦਾ ਹਾਂ, ਪਰ ਅਜਿਹਾ ਕਰਨ ਤੋਂ ਪਹਿਲਾਂ ਚਾਹੁੰਦਾ ਹਾਂ ਕਿ ਸਭ ਕੁਝ ਸੈਟ ਹੋ ਜਾਏ।

* ਕੀ ਤੁਸੀਂ ਇਸ ਫਿਲਮ ਦੇ ਲਈ ਕਿਸੇ ਤਰ੍ਹਾਂ ਦੀ ਤਿਆਰੀ ਸ਼ੁਰੂ ਕੀਤੀ ਹੈ?

- ਅਜੇ ਤੱਕ ਨਹੀਂ। ਜਦ ਸਕ੍ਰਿਪਟ ਤਿਆਰ ਹੋ ਜਾਏਗੀ ਅਤੇ ਉਹ ਸਭ ਨੂੰ ਪਸੰਦ ਆ ਜਾਏਗੀ, ਤਦ ਅਸੀਂ ਉਸ 'ਤੇ ਕੰਮ ਕਰਨਾ ਸ਼ੁਰੂ ਕਰਾਂਗੇ। ਸ਼ੂਟ ਕਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਨਿਸ਼ਚਿਤ ਹੋਣਾ ਪਵੇਗਾ ਕਿਉਂਕਿ ਅਸੀਂ ਸੈਂਸਟਿਵ ਟਾਪਿਕ 'ਤੇ ਕੰਮ ਕਰ ਰਹੇ ਹਾਂ। ਇਹ ਅਜਿਹੇ ਆਦਮੀ ਦੀ ਕਹਾਣੀ ਹੈ ਜਿਸ ਨੇ ਇੰਡੀਵਿਜੁਅਲ ਕੈਟੇਗਰੀ ਦਾ ਗੋਲਡ ਮੈਡਲ ਜਿੱਤਿਆ। ਉਨ੍ਹਾਂ ਨੇ ਦੇਸ਼ ਦਾ ਮਾਣ ਵਧਾਇਆ ਹੈ। ਅਸੀਂ ਇਸ ਕਹਾਣੀ ਨੂੰ ਬਿਹਤਰ ਤਰੀਕੇ ਨਾਲ ਪੇਸ਼ ਕਰਨਾ ਹੈ।

* 'ਰੀਅਲ ਲਾਈਫ ਹੀਰੋ' ਦਾ ਕਿਰਦਾਰ ਨਿਭਾਉਣਾ ਕਿੰਨਾ ਜੋਖਿਮ ਭਰਿਆ ਹੈ?

- ਇਹ ਕਾਫੀ ਜੋਖਿਮ ਭਰਿਆ ਹੈ ਕਿਉਂਕਿ ਮੈਂ ਜਵਾਨ ਹਾਂ, ਜ਼ਿਆਦਾਤਰ ਅਭਿਨੇਤਾ ਕਰੀਅਰ ਦੇ ਬਾਅਦ ਦੀ ਸਟੇਜ ਵਿੱਚ ਬਾਇਓਪਿਕ ਕਰਦੇ ਹਨ। ਮੈਂ ਇਸ ਚੈਲੇਂਜ ਨੂੰ ਲੈਣ ਲਈ ਤਿਆਰ ਹਾਂ। ਕੁਝ ਚੀਜ਼ਾਂ ਹਨ, ਜੋ ਮੇਰੇ ਅਤੇ 'ਅਭਿਨਵ' ਵਿੱਚ ਇੱਕੋ ਜਿਹੀਆਂ ਹਨ। ਡਾਇਰੈਕਟਰ ਤੇ ਰਾਈਟਰਜ਼ ਦੇ ਨਾਲ ਮੈਂ ਇਹ ਫਿਲਮ ਸ਼ੁਰੂ ਕਰਨ ਨੂੰ ਲੈ ਕੇ ਐਕਸਾਈਟਿਡ ਹਾਂ।

* ਪਾਪਾ ਅਨਿਲ ਕਪੂਰ ਦੇ ਨਾਲ ਕੰਮ ਕਰਨ ਨੂੰ ਲੈ ਕੇ ਮਨ ਵਿੱਚ ਕੋਈ ਡਰ?

-ਨਹੀਂ, ਦਰਅਸਲ ਚੰਗੇ ਐਕਟਰ ਦੇ ਨਾਲ ਕੰਮ ਕਰਨ ਨਾਲ ਹਮੇਸ਼ਾ ਤੁਹਾਡੀ ਪ੍ਰਫਾਰਮੈਂਸ ਵਿੱਚ ਸੁਧਾਰ ਆਉਂਦਾ ਹੈ। ਅਜੇ ਤੱਕ ਮੈਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ। ਮੈਂ ਹੌਲੀ ਹੌਲੀ ਆਪਣੀ ਪ੍ਰਫਾਰਮੈਂਸ ਵਿੱਚ ਸੁਧਾਰ ਲਿਆ ਰਿਹਾ ਹਾਂ। ਸੈੱਟ 'ਤੇ ਪਾਪਾ ਨੂੰ ਦੇਖਣ ਨਾਲ ਨਿਸ਼ਚਿਤ ਤੌਰ 'ਤੇ ਮੇਰੀ ਪ੍ਰਫਾਰਮੈਂਸ ਵਿੱਚ ਸੁਧਾਰ ਆਏਗਾ।

* 'ਭਾਵੇਸ਼ ਜੋਸ਼ੀ ਸੁਪਰਹੀਰੋ' ਦੇ ਫਲਾਪ ਹੋਣ ਨੂੰ ਲੈ ਕੇ ਕੀ ਕਹੋਗੇ?

- ਹਾਂ, ਇਹ ਨਿਰਾਸ਼ ਕਰਦਾ ਹੈ। ਮੈਂ ਅਜਿਹਾ ਝੂਠ ਤਾਂ ਨਹੀਂ ਬੋਲ ਸਕਦਾ ਕਿ ਫਿਲਮ ਦੇ ਬਾਕਸ ਆਫਿਸ ਕਲੈਕਸ਼ਨ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ, ਪਰ ਇਸ 'ਤੇ ਮੇਰਾ ਕੋਈ ਕੰਟਰੋਲ ਨਹੀਂ ਹੈ। ਇਹ ਫਿਲਮ ਲੋਕਾਂ ਤੱਕ ਨਹੀਂ ਪਹੁੰਚ ਸਕੀ। ਲੱਕੀਲੀ ਇਸ ਦਾ ਡਿਜੀਟਲੀਕਰਨ ਹੋਇਆ, ਫਿਰ ਇਹ ਲੋਕਾਂ ਤੱਕ ਪਹੁੰਚੀ ਤੇ ਲੋਕਾਂ ਨੇ ਇਸ ਨੂੰ ਪਸੰਦ ਕੀਤਾ। ਜਿਨ੍ਹਾਂ ਨੂੰ ਮੇਰਾ ਕੰਮ ਪਸੰਦ ਆਇਆ, ਉਨ੍ਹਾਂ ਦਾ ਪ੍ਰਸੈਂਟੇਜ ਵੱਧ ਹੋ ਸਕਦਾ ਸੀ, ਪਰ ਇਸ ਦੇ ਪਿੱਛੇ ਕਾਫੀ ਚੀਜ਼ਾਂ ਜ਼ਿੰਮੇਵਾਰ ਹੁੰਦੀਆਂ ਹਨ, ਜਿਨ੍ਹਾਂ ਵਿੱਚ ਫਿਲਮ ਦਾ ਪ੍ਰਮੋਸ਼ਨ, ਮਾਰਕੀਟਿੰਗ ਤੇ ਫਿਲਮ ਕਿੰਨੀ ਕਮਰਸ਼ੀਅਲ ਹੈ ਸ਼ਾਮਲ ਹੈ। ਇਹ ਵਧੀਆ ਹੁੰਦਾ ਜੇ 'ਭਾਵੇਸ਼ ਜੋਸ਼ੀ' ਵਧੀਆ ਬਿਜ਼ਨਸ ਕਰਦੀ, ਪਰ ਲੋਕਾਂ ਨੂੰ ਮੇਰਾ ਕੰਮ ਪਸੰਦ ਆਇਆ ਇਹ ਬਹੁਤ ਵਧੀਆ ਗੱਲ ਹੈ।

* ਸੁਣਿਆ ਹੈ ਕਿ ਤੁਸੀਂ ਭੈਣ ਰੀਆ ਕਪੂਰ ਦੇ ਨਾਲ ਕੰਮ ਕਰਨ ਦੀ ਪਲਾਨਿੰਗ ਕਰ ਰਹੇ ਹੋ?

- ਹਾਂ ਰੀਆ ਪ੍ਰੋਡਿਊਸਰ ਹੈ, ਇਸ ਲਈ ਜਲਦੀ ਹੀ ਅਜਿਹਾ ਹੋਵੇਗਾ। ਅਜੇ ਇਸ ਬਾਰੇ ਗੱਲ ਕਰਨ ਲਈ ਕੁਝ ਵੀ ਨਹੀਂ ਹੈ। ਅਸੀਂ ਅਜੇ ਤੱਕ ਇਸ ਬਾਰੇ ਵਿੱਚ ਸਿਰਫ ਸੋਚਿਆ ਹੈ।

ELECT ETOBICOKE NORTH
CITY COUNCILLOR WARD 1

ਪਿਛਲੇ 18 ਸਾਲਾਂ ਤੋਂ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ

I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure



"ETOBICOKE FIRST"

SHIRISH PATEL

Cell: 647-296-5681 voteforshirish.ca
Strong Voice. Strong Communities.

RE-ELECT MARTIN MEDEIROS
BRAMPTON REGIONAL COUNCILLOR FOR WARDS 3 & 4

Delivered Results 2014–2018

- Member of the Blue Ribbon Panel that finally brought Brampton's first university
- Focus on crime and safety such as supporting the addition of 37 police officers and coordination of stakeholders for a safer city
- Lead role in the largest restructuring and modernization of Brampton City Hall to improve customer service and eliminate high salaries and excessive bureaucracy
- Delivered Brampton 2040 Vision, a plan for a modern, sustainable, well-planned urban city, including revitalization of our downtown
- Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region



My top priority since taking office in 2014 has been to effect change and restore residents' confidence in City Hall.

I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to Move Brampton Forward.

Martin

VOTE MEDEIROS 8975 McLAUGHLIN RD. S UNIT 9 martinmedeiros.ca OCTOBER 22, 2018
vote@martinmedeiros.ca 647.956.5319 ReelectMartinMedeiros medeiros_martin vote_martin_medeiros




LIGHT SPEED Logistics Inc.
"Always There For You"

Web: www.lslinc.com
Email: safedrivers@lslinc.com

NOW HIRING

Owner Operators:
- US Team(ON to Midwest)(Loaded/Empty) $1.80*
- US Team(Open Board)..................... $1.73*
- US Single(ON to Midwest)............... $1.70*
- US Single(Open Board).................. $1.63*
- Canadian Team.......................... $1.66*
- Canadian Singles(AB to BC).......... $1.91*
- Canadian Singles(Open Board)...... $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers(Up to):
- US Single(ON to Midwest)............... $0.62
- US Single(Open Board).................. $0.54
- US Team........................................ $0.66
- Canadian Team.............................. $0.62
- Canadian Singles(AB to BC).......... $0.56
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8

Heart&Stroke™

# ਸਟਰੋਕ ਦੇ ਲੱਛਣ

**F ace** ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A rms** ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S peech** ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T ime** ਸਮੇਂ: ਸਮੇਂ ਦੀ ਅਹਿਮੀਅਤ ਸਮਝੋ, ਝਟਪਟ 911 'ਤੇ ਫੋਨ ਕਰੋ

Learn the signs, act F A S T and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.

## ਗਰੀਬੀ ਦੀ ਦੂਰੀ, ਹੈ ਜ਼ਰੂਰੀ



ਇੱਕ ਚੁਣੇ ਹੋਏ ਨੁਮਾਇੰਦੇ ਵਜੋਂ, ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਬਰੈਂਪਟਨ ਦੀ ਸੇਵਾ ਕਰਨ ਦਾ ਮੈਂ ਸੁਭਾਗ ਪ੍ਰਾਪਤ ਹੋਇਆ ਹੈ। ਮੈਂ ਜਾਣਦੀ ਹਾਂ ਕਿ ਜੋ ਘੱਟ-ਕਮਾਈ ਦੀ ਹਾਲਤ ਵਿੱਚ ਰਹਿੰਦੇ ਹਨ, ਉਹ ਬਹੁਤ ਹੀ ਘੱਟ ਮੌਕਿਆਂ ਤੇ ਮਹੱਤਵ ਪੂਰਨ ਗਤੀ-ਵਿਧੀਆਂ ਵਿੱਚ ਚੰਗੀ ਤਰ੍ਹਾਂ ਭਾਗ ਲੈ ਸਕਦੇ ਹਨ। ਅਸੀਂ ਸਾਰੇ ਹੀ ਕੰਮ ਅਤੇ ਵਿੱਦਿਆ ਆਦਿ ਦੀ ਪ੍ਰਾਪਤੀ ਯਕੀਨੀ ਬਣਾ ਲੈਣਾ ਚਾਹੁੰਦੇ ਹਾਂ। ਸਮੇਂ-ਸਮੇਂ ਕੀਤੀਆਂ ਗਈਆਂ ਖੋਜਾਂ ਦੱਸਦੀਆਂ ਹਨ ਕਿ ਜਿਨ੍ਹਾਂ ਦੀ ਆਮਦਨ ਲੋੜਾਂ ਤੋਂ ਘੱਟ ਹੁੰਦੀ ਹੈ ਬਹੁਤੀ ਦਫਾ ਉਨ੍ਹਾਂ ਦੀ ਸਿਹਤ ਖਰਾਬ ਹੀ ਰਹਿੰਦੀ ਹੈ। ਮੈਂ ਆਪਣੇ ਰਾਜਨੀਤਕ ਜੀਵਨ ਵਿੱਚ ਸਿਹਤ ਸਬੰਧੀ ਇਨ੍ਹਾਂ ਨਾਂਹ-ਪੱਖੀ ਨਤੀਜਿਆਂ ਨੂੰ ਬਦਲਣ ਲਈ ਕਾਫੀ ਯਤਨ ਕੀਤੇ ਹਨ।

ਇਸ ਸਾਲ ਦੇ ਆਰੰਭ ਵਿੱਚ ਬਰੈਂਪਟਨ ਟ੍ਰਾਂਜ਼ਿਟ ਨੇ, ਪੀਲ ਰਿਜਨ ਦੇ 'ਅਫੋਰਡੇਬਲ ਟ੍ਰਾਂਜ਼ਿਟ ਪ੍ਰੋਗਰਾਮ' ਵਿੱਚ ਭਾਗ ਲੈਣਾ

ਸ਼ੁਰੂ ਕੀਤਾ। ਇਹ ਇੱਕ, ਪੀਲ ਰਿਜਨ, ਬਰੈਂਪਟਨ ਸਿਟੀ ਅਤੇ ਮਿਸੀਸਾਗਾ ਸਿਟੀ ਵਿੱਚ ਸਾਂਝੀਵਾਲਤਾ ਦਾ ਪ੍ਰੋਗਰਾਮ ਹੈ। ਇਹ ਤਿੰਨੇ ਹੀ, ਯੋਗ ਬੇਨਤੀਕਾਰਾਂ ਨੂੰ 'ਮੰਥਲੀ ਪਾਸ' ਉੱਤੇ 50% ਛੋਟ ਦੀ ਪੇਸ਼ਕਸ਼ ਕਰਦੇ ਹਨ। ਜਿਹੜੇ ਵੀ ਬਰੈਂਪਟਨ ਨਿਵਾਸੀਆਂ ਦੀ ਕਮਾਈ, ਘੱਟ-ਕਮਾਈ ਦੇ ਮਾਪ ਤੋਂ ਥੱਲੇ ਹੈ, ਉਹ ਇਸ ਆਰਥਕ ਸਹਾਇਤਾ ਦੇ ਹੱਕਦਾਰ ਹਨ ਅਤੇ www[peelregion[ca/affordabletransit ਉੱਤੇ ਜਾਕੇ ਸਹਾਇਤਾ ਲਈ ਬੇਨਤੀ ਕਰ ਸਕਦੇ ਹਨ। ਬੇਨਤੀ ਪੱਤਰ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਨਿਯਮ ਅਨੁਸਾਰ ਸਵੀਕਾਰੇ ਜਾਂਦੇ ਹਨ।

ਮੈਂ ਇਸ ਕਮਾਲ ਦੇ ਪ੍ਰੋਗਰਾਮ, 'ਹੈਮਰ ਹੈੱਡਜ' ਬਾਰੇ ਸਭ ਤੋਂ ਪਹਿਲੋਂ ਉਦੋਂ ਸੁਣਿਆਂ ਜਦੋਂ ਕਿ ਮੈਂ ਸੂਬਾਈ ਸਰਕਾਰ ਵਿੱਚ ਲੇਬਰ ਮਨਿਸਟਰ ਵਜੋਂ ਸੇਵਾ ਨਿਭਾ ਰਹੀ ਸੀ। ਮੈਂ ਇੱਕ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਕੁੱਝ ਵਿਦਿਆਰਥੀਆਂ ਨਾਲ਼ ਗੱਲ-ਬਾਤ ਕੀਤੀ। ਮੈਨੂੰ ਅੱਜ ਵੀ ਯਾਦ ਹੈ ਕਿ ਮੈਂ ਇਨ੍ਹਾਂ ਨੂੰ ਮਿਲ਼ ਰਹੇ ਮੌਕਿਆਂ ਨੂੰ ਸੁਣਕੇ, ਅਤੇ ਉਨ੍ਹਾਂ ਵੱਲੋਂ [illegible] ਰਹੇ ਕਾਰਜਾਂ ਵਿੱਚ ਸਹਾਇਤਾ ਕਰਨ ਦੇ ਰਸਤਿਆਂ ਨੂੰ ਲੱਭਣ ਲਈ ਮੇਰੇ ਵੱਲੋਂ ਕੀਤੇ ਗਏ ਯਤਨਾਂ ਨੂੰ ਵਿਚਾਰ ਕੇ, ਮੈਂ ਬੜੀ ਹੀ ਪ੍ਰਭਾਵਤ ਹੋਈ। 'ਹੈਮਰ ਹੈੱਡਜ' 12 ਹਫਤਿਆਂ ਦਾ ਆਪਣਾ ਹੁਨਰ ਵਿਕਾਸ ਕਰਨ ਦਾ ਇੱਕ ਵੱਡਾ ਅਤੇ ਵਧੀਆ ਪ੍ਰੋਗਰਾਮ ਹੈ। ਜਿਸ ਅੰਦਰ ਨੌਜੁਆਨਾਂ ਨੂੰ ਬਹੁਤ ਸਾਰੇ ਵੱਖੋ-ਵੱਖ ਉਸਾਰੀ ਦੇ ਵਪਾਰਕ ਕਿੱਤਿਆਂ ਦੇ ਹੁਨਰਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਜੋ ਅੱਗੇ ਇਨ੍ਹਾਂ ਕਿੱਤਿਆਂ ਵਿੱਚ ਲੰਮੇ ਸਮੇਂ ਦੀ ਸਫਲਤਾ ਪ੍ਰਾਪਤ ਕਰਨ ਲਈ ਸਹਾਇਕ ਹੁੰਦੇ ਹਨ।

ਇਸ ਪ੍ਰੋਗਰਾਮ ਲਈ ਬੇਨਤੀ ਕਰਨ ਵਾਲੇ ਇਸਤਰੀ ਜਾਂ ਮਰਦ ਦੀ ਉਮਰ 18 ਤੋਂ 26 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਉਹ ਗ੍ਰੇਟਰ ਟੋਰਾਂਟੋ ਏਰੀਏ ਦਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਘੱਟ ਤੋਂ ਘੱਟ ਮੈਥ, ਅੰਗਰੇਜ਼ੀ ਤੇ ਸਾਇੰਸ ਨਾਲ਼ ਗ੍ਰੇਡ 10 ਪਾਸ ਹੋਵੇ। ਇਸ ਪ੍ਰੋਗਰਾਮ ਵਿੱਚ ਸੇਫਟੀ ਟ੍ਰੇਨਿੰਗ, ਹੁਨਰ ਵਿੱਚ ਮੁਹਾਰਤ ਪ੍ਰਾਪਤ ਕਰਨੀ, ਸਲਾਹ ਦੇਣੀ ਤੇ ਰਾਹ-ਰਾਸਤੇ ਪਾਉਣਾ ਅਤੇ ਭਾਗ ਲੈਣ ਵਾਲ਼ਿਆਂ ਦਾ ਜੀਵਨ ਸਫਲਾ ਕਰਨ ਦੇ ਮਾਰਗਾਂ ਵੱਲ ਤੋਰਨ ਦੀ ਪ੍ਰਤੀਨਿਧਤਾ ਕਰਨਾ ਹੈ। ਬੇਨਤੀ ਪੱਤਰ ਪ੍ਰਾਪਤ ਕਰੋ: http://hammerheadsprogram[com/wp-content/uploads/2018/05/Fall-2018-Application-Form[pdf ਬਰੈਂਪਟਨ ਵਿੱਚ, ਖਾਸ ਕਰਕੇ ਘੱਟੋ-ਘੱਟ-ਕਮਾਈ ਦੇ ਪੱਧਰ ਤੋਂ ਥੱਲੇ ਵਾਲ਼ੇ ਪਰਵਾਰਾਂ ਵਿੱਚ ਸੂਗਰ ਰੋਗ ਦੇ ਬਹੁਤੇ ਕੇਸ ਮਿਲ਼ਦੇ ਹਨ। ਇਸ ਲਈ ਮੇਰਾ ਯਕੀਨ ਹੈ ਕਿ ਸਿਹਤ ਦੀ ਸਾਂਭ-ਸੰਭਾਲ ਬਣਾਈ ਰੱਖਣ ਵਾਲ਼ੇ ਸਥਾਨਾਂ ਤੀਕਰ ਆਮ ਆਦਮੀ ਦੀ ਸੌਖੀ ਪਹੁੰਚ ਹੋਣੀ ਬਹੁਤ ਹੀ ਜ਼ਰੂਰੀ ਹੈ। ਮਿਉਂਸਪੈਲਿਟੀਆਂ ਟ੍ਰਾਂਜ਼ਿਟ ਵਧਾ ਕੇ, ਮਨੋਰੰਜਨ ਦੀਆਂ ਸੇਵਾਵਾਂ ਹਰ ਵੱਧ ਦੇ ਕੇ, ਸੁਰੱਖਿਅਤ ਪੈਦਲ ਰਸਤੇ ਅਤੇ ਪਾਰਕਾਂ ਤੇ ਉਨ੍ਹਾਂ ਵਿਚਲੀਆਂ ਸਹੂਲਤਾਂ ਵਧਾ ਕੇ ਸਰੀਰਕ ਗਤੀ-ਵਿਧੀਆਂ ਵਧਾਉਣ ਲਈ ਉਤਸ਼ਾਹਿਤ ਕਰਨ ਦਾ ਇਹ ਟੀਚਾ ਸੌਖਿਆਂ ਹੀ ਪ੍ਰਾਪਤ ਕਰ ਸਕਦੀਆਂ ਹਨ।

ਇਹ ਪਛਾਣਦਿਆਂ ਕਿ ਮਨੋਰੰਜਨ ਪ੍ਰੋਗਰਾਮਾਂ ਵਿੱਚ ਲੋੜੀਦਾ ਭਾਗ ਲੈਣ ਨਾਲ ਨਿਵਾਸੀਆਂ ਦੇ ਖਰਚੇ ਵੱਧ ਸਕਦੇ ਹਨ ਜਿਨ੍ਹਾਂ ਨੂੰ ਕੁੱਝ ਪਰਵਾਰ ਸਹਿ ਨਹੀਂ ਸਕਦੇ, ਬਰੈਂਪਟਨ ਸਿਟੀ ਨੇ 'ਐਕਟਿਵ-ਅਸਿਸਟ' ਪ੍ਰੋਗਰਾਮ ਤਿਆਰ ਕੀਤਾ ਹੈ। [illegible] ਫੀਸ ਘਟਾਉਣ ਦਾ ਯਤਨ ਹੈ ਜੋ ਮਨੋਰੰਜਨ ਵਿੱਚ ਭਾਗ ਲੈਣ ਵਾਲ਼ੇ ਤੇ ਘੱਟ-ਕਮਾਈ ਵਾਲ਼ੇ ਬਰੈਂਪਟਨ ਦੇ ਪਰਵਾਰਾਂ ਦੀ ਸਹਾਇਤਾ ਲਈ ਹੈ। ਇਸ ਦੀ ਜਾਣਕਾਰੀ ਨੂੰ ਸਦਾ ਗੁਪਤ ਰੱਖਿਆ ਜਾਂਦਾ ਹੈ। ਇਹ ਸਹਾਇਤਾ ਤੁਹਾਡੇ ਅਕਾਊਂਟ ਵਿੱਚ ਧਨ ਪਾਉਣ ਦੇ ਰੂਪ ਵੱਚ ਕੀਤੀ ਜਾਂਦੀ ਹੈ। ਇੱਕ ਵੇਰ ਤੁਹਾਡੇ ਵੱਲੋਂ ਬੇਨਤੀ-ਇੱਛਾ ਮਿਲ਼ ਗਈ ਅਤੇ ਮਨਜ਼ੂਰ ਹੋ ਗਈ, ਫਿਰ ਆਪਣੇ ਆਪ ਤੁਹਾਡੇ ਹਰ ਇੱਕ ਪਰਵਾਰਕ ਮੈਂਬਰ ਦੇ ਖਾਤੇ ਵਿੱਚ ਅੱਗੇ ਲਿਖੀ ਰਕਮ ਜੁੜਦੀ ਜਾਇਗੀ: $275 ਪ੍ਰਤੀ ਵਿਅਕਤੀ, 12 ਮਹੀਨਿਆਂ ਦੇ ਸਮੇਂ ਲਈ। ਮਨਜ਼ੂਰੀ ਪਿੱਛੋਂ ਤੁਸੀਂ ਦੋ ਸਾਲ ਲਈ ਇਸ ਦੇ ਹੱਕਦਾਰ ਬਣ ਜਾਂਦੇ ਹੋ। ਹੋਰ ਜਾਨਣ ਲਈ ਸਿਟੀ ਨਾਲ਼ ਸੰਪਰਕ ਕਰੋ: activeassist@brampton.ca

ਜਦੋਂ ਆਰਥਕ ਤੰਗੀ ਹੋਵੇ ਤਾਂ ਦੰਦਾਂ ਦੇ ਡਾਕਟਰ ਕੋਲ਼ ਵੀ ਨਹੀਂ ਜਾ ਹੁੰਦਾ - ਪਰ ਦੰਦਾਂ ਦੀ ਸੰਭਾਲ਼ ਸਮੁੱਚੇ ਸਰੀਰ ਦੀ ਸਾਂਭ-ਸੰਭਾਲ ਵਿੱਚ ਭਾਰੀ ਯੋਗਦਾਨ ਪਾਉਂਦੀ ਹੈ। ਦੰਦਾਂ ਦੀ ਸੰਭਾਲ਼ ਬਹੁਤ ਮਹਿੰਗੀ ਹੋ ਸਕਦੀ ਹੈ ਅਤੇ ਸਾਰੇ ਸੀਨੀਅਰ ਇਹ ਖਰਚਾ ਨਹੀਂ ਝੱਲ ਸਕਦੇ। ਜਿਨ੍ਹਾਂ ਸੀਨੀਅਰਾਂ ਕੋਲ਼ ਦੰਦਾਂ ਦੀ ਇਨਸ਼ਿਉਰੈਂਸ ਨਹੀਂ ਹੈ ਅਤੇ ਉਹ ਦੰਦਾਂ ਦੀ ਸੰਭਾਲ਼ ਦਾ ਖਰਚ ਨਹੀਂ ਸਹਾਰ ਸਕਦੇ ਉਨ੍ਹਾਂ ਲਈ 'ਰਿਜਨ ਆਫ ਪੀਲ ਸੀਨੀਅਰਜ਼ ਡੈਂਟਲ ਪ੍ਰੋਗਰਾਮ' ਬਣਾਇਆ ਗਿਆ ਹੈ। ਜਿਹੜੇ ਸੀਨੀਅਰ ਘੱਟ-ਕਮਾਈ ਵਾਲ਼ੇ ਸਵੀਕਾਰੇ ਜਾਂਦੇ ਹਨ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਦੰਦਾਂ ਦੀਆਂ ਸਾਰੀਆਂ ਮੁਢਲੀਆਂ ਸੇਵਾਵਾਂ ਦਿੱਤੀ ਜਾਂਦੀਆਂ ਹਨ ਜਿਵੇਂ ਕਿ ਸਫਾਈ (ਕਲੀਨਿੰਗ) ਕਰਾਈ ਅਤੇ ਦੰਦ-ਬੀੜ ਲਗਵਾਉਣ ਦੀ ਸੇਵਾ। ਪੀਲ ਰਿਜਨ ਸੀਨੀਅਰਾਂ ਨੂੰ ਉਡੀਕ-ਸੂਚੀ ਵਿੱਚ ਰੱਖ ਰਿਹਾ ਹੈ। ਇਸ ਵੇਲ਼ੇ ਮਨਜ਼ੂਰੀ ਪ੍ਰਾਪਤ ਕਰਨ ਲਈ 3-4 ਮਹੀਨੇ ਲੱਗ ਜਾਂਦੇ ਹਨ। ਆਪਣਾ ਨਾਮ ਉਡੀਕ-ਸੂਚੀ ਵਿੱਚ ਲਿਖਵਾਉਣ ਲਈ 905-799-7700 ਉੱਤੇ ਫੋਨ ਕਰੋ। ਸੀਨੀਅਰਾਂ ਨੂੰ ਪਹਿਲੋਂ ਇਸੇ ਨੰਬਰ ਉੱਤੇ ਪਤਾ ਕਰ ਲੈਣਾ ਚਾਹੀਦਾ ਹੈ ਕਿ ਕੀ ਉਹ ਦੰਦਾਂ ਦੀ ਇਸ ਸੇਵਾ ਵਾਸਤੇ ਯੋਗ ਹਨ।

ਮਿੱਟੇ ਵਜੋਂ, ਮੈਂ ਸਮਝਦੀ ਹਾਂ ਕਿ ਪੀਲ ਦੇ ਲੋਕਾਂ ਦੀ ਸਿਹਤ ਉੱਤੇ ਘਰਾਂ ਦੀ ਅਸਰੁੱਖਿਅਤਾ ਅਤੇ ਬੇਘਰਾਪਣ ਗੌਲਣਯੋਗ ਬੁਰਾ ਅਸਰ ਪਾਉਂਦਾ ਹੈ। ਸੁਰੱਖਿਅਤ ਅਤੇ ਆਪਣੀ ਹਿੰਮਤ ਅਨੁਸਾਰ ਘਰ ਦੀ ਹੋਂਦ ਵਸਨੀਕਾਂ ਦੀ ਚੰਗੀ ਸਿਹਤ ਦਾ ਆਧਾਰ ਹੈ। ਪੀਲ ਵਿੱਚ ਅਜੇਹੇ ਘਰਾਂ ਦੀ ਪੂਰਤੀ ਦੀ ਘਾਟ ਸਾਡੇ ਲਈ ਗੰਭੀਰ ਵੰਗਾਰ ਹੈ - ਸਾਡੀ ਉਡੀਕ ਸੂਚੀ ਨਾਂਹ ਮੰਨਣਯੋਗ ਹੱਦ ਤੀਕਰ ਲੰਮੀ ਹੈ। ਮੇਰਾ ਇਹ ਪੱਕਾ ਨਿਸ਼ਚਾ ਹੈ ਕਿ ਸਾਉਦੀ ਟਰਮ ਵਿੱਚ ਉਡੀਕ ਸੂਚੀ ਨੂੰ ਛੋਟਾ ਕਰਨਾ ਹੈ ਅਤੇ ਮੰਗ-ਪੂਰਤੀ ਦੇ ਫਰਕ ਘਟਾਉਣ ਲਈ ਨਵਿ ਉਸਾਰੀ ਦੇ ਸਾਰਥਕ ਯਤਨ ਕਰਨੇ ਹਨ। ਸਾਡੀ ਫੈਡਰਲ ਸਰਕਾਰ ਨੇ ਇਸ ਪਾਸੇ ਅਗਵਾਈ ਕਰਨ ਦੀ ਪਰਬਲ ਇੱਛਾ ਦਰਸਾਈ ਹੈ। ਮੈਂ ਨਵੇਂ ਘਰ ਬਨਾਉਣ ਅਤੇ ਪਹਿਲੋਂ ਦੇ ਘਰਾਂ ਦੀ ਲੋੜੀਂਦੀ ਮੁਰੰਮਤ ਕਰਨ ਲਈ ਫੰਡ ਪ੍ਰਾਪਤੀ ਵਾਸਤੇ ਪੂਰੇ ਯਤਨ ਕਰਾਂਗੀ। ਗਰੀਬੀ ਕਿਸੇ ਇੱਕ ਕਾਰਨ ਕਰਕੇ ਨਹੀਂ ਵਾਪਰਦੀ। ਇੱਕ ਸੋਚ, ਜਿਸ ਨੇ ਮੇਰੀ ਰਾਤਾਂ ਦੀ ਨੀਂਦ ਉਡਾ ਰੱਖੀ ਹੈ, ਸਾਡੀ ਵੱਲ ਰਹੀ 'ਫੂਡ ਬੈਂਕ' ਦੀ ਲੋੜ ਹੈ। ਮੇਰਾ ਸੁਪਨਾ ਹੈ ਕਿ ਇਹੋ ਜਿਹਾ ਸਮਾਂ ਵੀ ਛੇਤੀ ਹੀ ਆ ਜਾਵੇ ਕਿ ਸਾਨੂੰ ਫੂਡ ਬੈਂਕ ਅਤੇ ਠੰਡ ਸਬੰਧੀ ਚਲਦੇ ਪ੍ਰੋਗਰਾਮਾਂ ਦੀ ਲੋੜ ਹੀ ਨਾ ਰਹੇ। ਪਰ ਉਹ ਸੁਭਾਗਾ ਦਿਨ ਆਉਣ ਤੀਕਰ ਮੈਂ ਆਪਣੇ ਅਥੱਕ ਯਤਨ ਕਰਦੀ ਰਹਾਂਗੀ ਤਾਂ ਕਿ ਇਕ ਮਜ਼ਬੂਤ ਆਰਥਕ ਆਧਾਰ ਬਣਾ ਸਕਾਂ ਜਿਸ ਕਰਕੇ ਲੋਕ ਇਨ੍ਹਾਂ ਮੁਸ਼ਕਲਾਂ ਤੋਂ ਸੁਰਖਰੂ ਹੋ ਕੇ ਆਪਣਾ ਧਿਆਨ ਆਪਣੀਆਂ ਹੋਰ ਮੁਢਲੀਆਂ ਲੋੜਾਂ ਪੂਰੀਆਂ ਕਰਨ ਵੱਲ ਲਾ ਸਕਣ। ਅਤੇ ਆਪਣੇ ਸਾਧਨਾਂ ਤੇ ਸਮਰੱਥਾ ਦਾ ਇਤਨਾ ਵਿਕਾਸ ਕਰ ਲੈਣ ਕਿ ਉਹ ਗਰੀਬੀ ਦੀ ਲ਼ਾਣਤ ਤੋਂ ਪਿੱਛਾ ਛੁਡਾ ਕੇ ਸ੍ਵੈ-ਨਿਰਭਰਤਾ ਦੇ ਮਾਣ ਭਰੇ ਵਾਤਾਵਰਨ ਵਿੱਚ ਸਾਹ ਲੈ ਸਕਣ। ਅੱਜ ਦਾ [illegible] ਸੁਪਨਾ ਕੱਲ੍ਹ ਨੂੰ ਸੱਚ ਹੋ ਸਕਦਾ ਹੈ - ਲੋੜ ਹੈ ਕੇਵਲ ਸੂਝਵਾਨ, ਜਵਾਬਦੇਹ, ਭਵਿੱਖਮੁਖੀ, ਦੂਰਦਰਸ਼ੀ, ਪਾਰਸੁਆਰਥੀ ਅਤੇ ਉੱਦਮੀ ਲੀਡਰਾਂ ਦੀ ਚੋਣ ਕਰਨ ਦੀ।

Top 1% Ranked In Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

(**2016,2015,2014,2013 **(2009,2008) 2012,2011,2010)**(RE/MAX International) **(2010) **(2014)

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com

Visit us at: www.jagaujla.com

FOR SALE
BRAMPTON $729,905
ਬਵੇਰਡ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $869,905
ਬਰੈਮਲੀ, ਸੈਂਡਲਵੂਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+2 ਬੈਡਰੂਮ ਐਡ 4 ਵਾਸ਼ਰੂਮ ਸੈਮੀ ਡਿਟੈਚ ਡਬਲ ਸਟੋਰੀ ਘਰ, ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਮਾਸਟਰ ਬੈਡਰੂਮ ਨੂੰ 5 ਪੀਸ ਈਨ ਸੂਟ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਕਿਚਨ ਨੂੰ ਬੈਕ ਸਪਲੈਸ਼, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $1,098,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੂਡ ਫਲੌਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈੱਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $1,489,905
ਗੋਰਵੇ & ਕੰਟਰੀਸਾਇਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 + 2 ਬੈਡਰੂਮ ਐਡ 5 ਵਾਸ਼ਰੂਮ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਗਰਾਜ ਨੂੰ ਡਬਲ ਡੋਰ ਏਨਟਰੀ, ਕਿਚਨ ਨੂੰ ਬੇਕ ਸਪਲੈਸ਼, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਏਨਟਰੀ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

FOR SALE
BRAMPTON $1,798,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੂਡ ਫਲੌਰ, ਆਦਿ ਸਹੂਲਤਾਂ ਦੇ ਨੇੜੇ।

Offering 3 Acres of Land
GUELPH $1,250,000
ਗੋਲਫ, 540 ਯਾਰਕ ਰੋਡ
540 ਯਾਰਕ ਰੋਡ ਪ੍ਰਾਪਰਟੀ ਵਿੱਚ ਤੁਸੀ ਵਾਹੀਕਲ/ਆਟੋ, ਗੇਸ ਬਾਰ, ਕਾਰ ਵਾਸ਼, ਸਟਰੋਰੇਜ ਆਦਿ ਦਾ ਕਾਰੋਬਾਰ ਕਰ ਸਕਦੇ ਹੋ। ਤਿੰਨ ਏਕੜ ਦੀ ਖਾਲੀ ਜ਼ਮੀਨ। ਹਾਈ ਟਰੇਫਿਕ ਅਤੇ ਵਿਕਾਸਸ਼ੀਲ ਏਰੀਆ, ਪਰਾਈਮ ਲੋਕੇਸ਼ਨ, ਜੋਨਜ਼ ਵਿੱਚ ਬਦਲਾਓ ਆ ਸਕਦੇ ਹਨ । ਗੋਲਫ ਇੰਨੋਵੈਸ਼ਨ ਡਿਸਟ੍ਰੀਕ ਵਲੋਂ ਅਪਰੂਵਡ ਜ਼ਮੀਨ। ਇੰਵੇਸਟਰਾਂ ਅਤੇ ਬਿਲਡਰਾਂ ਲਈ ਵਧੀਆ ਮੋਕਾ।

AZ ਡਰਾਇਵਰਾਂ ਦੀ ਲੋੜ ਹੈ

- ਸਿੰਗਲ ਡਰਾਇਵਰ ਦੀ Toronto ਤੋਂ Montreal ਲਈ ਲੋੜ ਹੈ
- ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ

New Drivers are welcome

416.904.0715 | 647.456.8520

Grand Upholstery Ltd
Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

REXDALE BODY SHOP
USED CAR SALE

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ELECT City of Brampton
Regional Councillor Wards 7 & 8

PAT FORTINI

MY PRIORITIES ARE TO CONTINUE ADVOCATING FOR:
- Crime Prevention & Safety
- Accountability & Transparency
- Infrastructure
- University
- LRT & Transit
- Job Creation
- Health Care & Community Leadership
- Our Senior Community

TOGETHER Let's Move Brampton Into The Future

VISIT US AT OUR CAMPAIGN OFFICE
25 KINGS CROSS ROAD (at Knightsbridge & Kings Cross)
CAMPAIGN OFFICE 905-497-7220
CELL PHONE 416-804-2510

PatFortini Pat_Fortini www.patfortini.ca

LEADERSHIP • EXPERIENCE • COMMITMENT

ELECT Brampton City Councillor Candidate Ward 7 & 8

Harveen DHALIWAL

- Community Safety
- Accountability & Transprancy
- Infrastructure
- LRT & Transit
- University
- Local Job Creation
- Our Senior Community
- Creating Better Neighbourhoods for our Families and Friends.
- Improve our Parks and Recreational Facilities

Educational Background:
Bachelor of Arts at University of Toronto
Masters in Public Administration at Pace University, New York

VISIT US AT OUR CAMPAIGN OFFICE
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • f : HarveenDhaliwal

Working Together For A Better Future....
ON OCTOBER 22ND ELECT HARVEEN DHALIWAL